Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | Vol 21* Issue 29 | Friday, February 11, 2022 | Tel: 905-793-2202 | Fax: 905-793-2282 | news@punjabipost.ca *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*

## ਗੋਲੀ ਮਾਰਨ ਤੋਂ ਬਾਅਦ ਵਿਅਕਤੀ ਉੱਤੇ ਤੇਜ਼ ਧਾਰ ਹਥਿਆਰ ਨਾਲ ਕੀਤਾ ਗਿਆ ਵਾਰ



ਟੋਰਾਂਟੋ, 10 ਫਰਵਰੀ (ਪੋਸਟ ਬਿਊਰੋ) : ਬੁੱਧਵਾਰ ਰਾਤ ਨੂੰ ਟੋਰਾਂਟੋ ਦੇ ਪੂਰਬੀ ਸਿਰੇ ਉੱਤੇ ਪਹਿਲਾਂ ਇੱਕ ਵਿਅਕਤੀ ਨੂੰ ਗੋਲੀ ਮਾਰੀ ਗਈ ਤੇ ਫਿਰ ਉਸ ਉੱਤੇ ਤੇਜ਼ ਧਾਰ ਹਥਿਆਰ ਨਾਲ ਹਮਲਾ ਵੀ ਕੀਤਾ ਗਿਆ। ਉਸ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।

ਕੁਈਨ ਸਟਰੀਟ ਈਸਟ ਤੇ ਬ੍ਰੌਡਵਿਊ ਐਵਨਿਊ ਨੇੜੇ ਰਾਤੀਂ 11:45 ਉੱਤੇ ਵਾਪਰੀ ਇਸ ਘਟਨਾ ਦੀ ਜਾਣਕਾਰੀ ਦੇ ਕੇ ਪੁਲਿਸ ਅਧਿਕਾਰੀਆਂ ਨੂੰ ਸੱਦਿਆ ਗਿਆ। ਪੁਲਿਸ ਨੇ ਆਖਿਆ ਕਿ ਮਸ਼ਕੂਕ ਇਲਾਕੇ ਵਿੱਚ ਹੀ ਕਿਸੇ ਅਪਾਰਟਮੈਂਟ ਵਿੱਚ ਦਾਖਲ ਹੋ ਗਿਆ ਤੇ ਉੱਥੋਂ ਭੱਜਣ ਤੋਂ ਪਹਿਲਾਂ ਉਸ ਨੇ ਇੱਕ ਵਿਅਕਤੀ ਨੂੰ ਗੋਲੀ ਮਾਰ ਦਿੱਤੀ। ਉਹ ਕੁੱਝ ਸਮੇਂ ਬਾਅਦ ਮੁੜ ਉੱਥੇ ਆਇਆ ਤੇ ਕਥਿਤ ਤੌਰ ਉੱਤੇ ਉਸੇ ਵਿਅਕਤੀ ਉੱਤੇ ਤੇਜ਼ ਧਾਰ ਹਥਿਆਰ ਨਾਲ ਹਮਲਾ ਕਰ ਦਿੱਤਾ।

ਅਧਿਕਾਰੀਆਂ ਨੇ ਆਖਿਆ ਕਿ ਉਸ ਵਿਅਕਤੀ ਦੀ ਹਾਲਤ ਨਾਜ਼ੁਕ ਪਰ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਅਜੇ ਤੱਕ ਮਸ਼ਕੂਕ ਦਾ ਵੇਰਵਾ ਜਾਰੀ ਨਹੀਂ ਕੀਤਾ ਗਿਆ ਹੈ। ਮਸ਼ਕੂਕ ਤੇ ਜ਼ਖ਼ਮੀ ਵਿਅਕਤੀ ਦਰਮਿਆਨ ਕੀ ਰਿਸ਼ਤਾ ਹੈ ਅਜੇ ਇਸ ਬਾਰੇ ਵੀ ਪਤਾ ਨਹੀਂ ਲੱਗ ਸਕਿਆ।

## ਐਮਰਸਨ ਦੇ ਪੋਰਟ ਆਫ ਐਂਟਰੀ ਉਤੇ ਮੁਜ਼ਾਹਰਾਕਾਰੀਆਂ ਨੇ ਲਾਇਆ ਜਾਮ, ਕਈ ਘੰਟੇ ਤੱਕ ਫਸੀਆਂ ਰਹੀਆਂ ਗੱਡੀਆਂ

ਮੈਨੀਟੋਬਾ, 10 ਫਰਵਰੀ (ਪੋਸਟ ਬਿਊਰੋ) : ਮੈਨੀਟੋਬਾ ਆਰਸੀਐਮਪੀ ਦਾ ਕਹਿਣਾ ਹੈ ਕਿ ਮੁਜ਼ਾਹਰੇ ਕਾਰਨ ਐਮਰਸਨ ਦੇ ਪੋਰਟ ਆਫ ਐਂਟਰੀ ਨੂੰ ਬੰਦ ਕਰਨਾ ਪਿਆ।

ਸੋਸ਼ਲ ਮੀਡੀਆ ਪੋਸਟ ਅਨੁਸਾਰ ਵੀਰਵਾਰ ਸਵੇਰ ਨੂੰ ਵੱਡੀ ਗਿਣਤੀ ਵਿੱਚ ਗੱਡੀਆਂ ਤੇ ਫਾਰਮ ਵਿੱਚ ਵਰਤੋਂ ਵਿੱਚ ਆਉਣ ਵਾਲੇ ਸਾਜ਼ੋ ਸਮਾਨ ਨਾਲ ਲੈਸ ਹੋ ਕੇ ਲੋਕਾਂ ਨੇ ਇੱਥੇ ਮੁਜ਼ਾਹਰਾ ਕੀਤਾ ਤੇ ਇਸ ਕਰਕੇ ਆਵਾਜਾਈ ਵਿੱਚ ਕਾਫੀ ਵਿਘਣ ਪਿਆ। ਟਵੀਟ ਵਿੱਚ ਇਹ ਸੁਨੇਹਾ ਵੀ ਦਿੱਤਾ ਗਿਆ ਕਿ ਪੋਰਟ ਆਫ ਐਂਟਰੀ ਬੰਦ ਹੈ ਤੇ ਉਸ ਇਲਾਕੇ ਵਿੱਚ ਨਾ ਜਾਇਆ ਜਾਵੇ। ਆਰਸੀਐਮਪੀ ਵੀ ਮੌਕੇ ਉੱਤੇ ਮੌਜੂਦ ਸੀ ਤੇ ਪੁਲਿਸ ਅਧਿਕਾਰੀਆਂ ਵੱਲੋਂ ਦੱਸਿਆ ਗਿਆ ਕਿ ਉਹ ਮੁਜ਼ਾਹਰੇ ਦੇ ਪ੍ਰਬੰਧਕਾਂ ਨਾਲ ਗੱਲਬਾਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।




ਇਸ ਤਰ੍ਹਾਂ ਦੇ ਮੁਜ਼ਾਹਰੇ ਕੂਟਸ, ਅਲਬਰਟਾ ਵਿੱਚ ਤੇ ਅੰਬੈਸਡਰ ਬ੍ਰਿੱਜ ਓਨਟਾਰੀਓ ਵਿੱਚ ਬਾਰਡਰ ਕਰੌਸਿੰਗਜ਼ ਉੱਤੇ ਵੀ ਵੇਖਣ ਨੂੰ ਮਿਲੇ। ਇਸ ਦੌਰਾਨ ਕੈਨੇਡੀਅਨ ਟਰੱਕਿੰਗ ਅਲਾਇੰਸ (ਸੀਟੀਏ) ਦੇ ਪ੍ਰੈਜ਼ੀਡੈਂਟ ਸਟੀਫਨ ਲਾਸਕੋਵਸਕੀ ਨੇ ਆਖਿਆ ਕਿ ਡਰਾਈਵਰਾਂ ਤੇ ਟਰੱਕਿੰਗ ਇੰਡਸਟਰੀ ਨਾਲ ਸਬੰਧਤ ਵੱਡੀ ਗਿਣਤੀ ਲੋਕਾਂ ਦਾ ਸਬਰ ਅਜਿਹੇ ਬਲਾਕੇਡਜ਼ ਕਾਰਨ ਹੁਣ ਜਵਾਬ ਦੇ ਚੁੱਕਿਆ ਹੈ।

ਲਾਸਕੋਵਸਕੀ ਨੇ ਇੱਕ ਬਿਆਨ ਵਿੱਚ ਲਿਖਿਆ ਕਿ ਟਰੱਕਿੰਗ ਇੰਡਸਟਰੀ ਤੇ ਇਸ ਦੇ ਡਰਾਈਵਰਾਂ ਨੂੰ ਇਸ ਮਸਲੇ ਨੂੰ ਸਿਆਸੀ ਰੰਗਤ ਦੇਣ ਵਾਲਿਆਂ ਤੇ ਸਾਡੀਆਂ ਸਰਹੱਦਾਂ, ਹਾਈਵੇਅਜ਼ ਨੂੰ ਨਿਸ਼ਾਨਾ ਬਣਾਉਣ ਵਾਲਿਆਂ ਕਰਕੇ ਵੱਡਾ ਨੁਕਸਾਨ ਸਹਿਣਾ ਪੈ ਰਿਹਾ ਹੈ। ਇਸ ਤਰ੍ਹਾਂ ਦੀਆਂ ਹਰਕਤਾਂ ਕਾਰਨ ਕੈਨੇਡਾ ਤੇ ਅਮਰੀਕਾ ਦਰਮਿਆਨ ਵਪਾਰ ਵੀ ਠੱਪ ਹੋ ਕੇ ਰਹਿ ਗਿਆ ਹੈ। ਉਨ੍ਹਾਂ ਦੀਆਂ ਗਤੀਵਿਧੀਆਂ ਕਾਰਨ ਕੈਨੇਡੀਅਨਜ਼ ਵੀ ਪਰੇਸ਼ਾਨ ਹਨ ਤੇ ਜਿਨ੍ਹਾਂ ਲੋਕਾਂ ਨੂੰ ਨੁਕਸਾਨ ਹੋ ਰਿਹਾ ਹੈ ਉਨ੍ਹਾਂ ਪ੍ਰਤੀ ਮੁਜ਼ਾਹਰਾਕਾਰੀਆਂ ਨੂੰ ਕੋਈ ਹਮਦਰਦੀ ਵੀ ਨਹੀਂ ਹੈ।

ਲਾਸਕੋਵਸਕੀ ਨੇ ਆਖਿਆ ਕਿ ਸ਼ਾਂਤਮਈ ਢੰਗ ਨਾਲ ਮੁਜ਼ਾਹਰਾ ਕਰਨ ਦਾ ਸਾਰੇ ਕੈਨੇਡੀਅਨਜ਼ ਨੂੰ ਅਧਿਕਾਰ ਹੈ ਪਰ ਜਿਹੜੇ ਲੋਕ ਦੋਵਾਂ ਪਾਸਿਆਂ ਤੋਂ ਗੱਡੀਆਂ ਨੂੰ ਬਾਰਡਰ ਪਾਰ ਕਰਨ ਤੋਂ ਰੋਕ ਰਹੇ ਹਨ ਉਹ ਸ਼ਾਂਤ ਮੁਜ਼ਾਹਰਾਕਾਰੀ ਨਹੀਂ ਹਨ। ਉਨ੍ਹਾਂ ਆਖਿਆ ਕਿ ਬਾਰਡਰ ਕਰੌਸਿੰਗ ਉੱਤੇ ਡਰਾਈਵਰ ਚਾਰ ਤੋਂ ਅੱਠ ਘੰਟਿਆਂ ਲਈ ਫਸੇ ਰਹੇ, ਜਿਨ੍ਹਾਂ ਵਿੱਚੋਂ ਬਹੁਤਿਆਂ ਕੋਲ ਖਾਣ ਪੀਣ ਲਈ ਕੋਈ ਫੂਡ ਨਹੀਂ ਸੀ ਤੇ ਨਾ ਹੀ ਵਾਸ਼ਰੂਮ ਦੀ ਕੋਈ ਸਹੂਲਤ ਸੀ।

## ਓਨਟਾਰੀਓ ਦੀ ਅਦਾਲਤ ਨੇ ਫਰੀਡਮ ਕੌਨਵੌਏ ਲਈ ਫੰਡਜ਼ ਉੱਤੇ ਲਾਈ ਰੋਕ



ਓਟਵਾ, 10 ਫਰਵਰੀ (ਪੋਸਟ ਬਿਊਰੋ) : ਇੱਕ ਹੋਰ ਕੈਨੇਡਾ ਅਮਰੀਕਾ ਬਾਰਡਰ ਉੱਤੇ ਮੁਜ਼ਾਹਰਾਕਾਰੀਆਂ ਵੱਲੋਂ ਲਾਏ ਗਏ ਜਾਮ ਕਾਰਨ ਦੋਵਾਂ ਦੇਸ਼ਾਂ ਦਰਮਿਆਨ ਵਪਾਰ ਤੇ ਟਰੈਫਿਕ ਰੁਕਦਾ ਵੇਖ ਫੈਡਰਲ ਸਰਕਾਰ ਨੇ ਅਜਿਹੇ ਅੜਿੱਕਿਆਂ ਨੂੰ ਖ਼ਤਮ ਕਰਨ ਲਈ ਹੋਰ ਆਰਸੀਐਮਪੀ ਭੇਜਣ ਦਾ ਸੰਕੇਤ ਦਿੱਤਾ ਹੈ।

ਆਰਸੀਐਮਪੀ ਵੱਲੋਂ ਐਮਰਸਨ, ਮੈਨੀਟੋਬਾ ਨੇੜਲੇ ਏਰੀਆ ਵਿੱਚ ਲੋਕਾਂ ਨੂੰ ਜਾਣ ਤੋਂ ਵਰਜਿਆ ਜਾ ਰਿਹਾ ਹੈ। ਇਸ ਬਾਰਡਰ ਉੱਤੇ ਟਰੱਕਾਂ ਤੇ ਫਾਰਮ ਇਕਿਉਪਮੈਂਟਸ ਨਾਲ ਇੰਟਰਨੈਸ਼ਨਲ ਪੋਰਟ ਆਫ ਐਂਟਰੀ ਨੂੰ ਰੋਕਿਆ ਗਿਆ ਹੈ। ਕੈਨੇਡਾ ਦੀ ਇਹ ਹੱਦ ਵੀ ਅਮਰੀਕਾ ਨਾਲ ਸਾਂਝੀ ਹੈ। ਵੈਕਸੀਨ ਨੂੰ ਲਾਜ਼ਮੀ ਕੀਤੇ ਜਾਣ ਸਬੰਧੀ ਪਿਛਲੇ ਦੋ ਹਫਤਿਆਂ ਤੋਂ ਚੱਲ ਰਹੇ ਮੁਜ਼ਾਹਰਿਆਂ ਦਰਮਿਆਨ ਇਹ ਤਾਜ਼ਾ ਮੁਜ਼ਾਹਰਾ ਹੈ।

...ਬਾਕੀ ਪੰਨਾ 6 'ਤੇ

## ਅੰਦਰ ਇਹ ਵੀ ਪੜ੍ਹੋ

ਅਗਲੇ ਕੰਜ਼ਰਵੇਟਿਵ ਪਾਰਟੀ ਆਗੂ ਲਈ ਖੜ੍ਹੇ ਹੋਣ ਦੀ ਪੌਲੀਐਵਰ ਨੇ ਪ੍ਰਗਟਾਈ ਮੰਸ਼ਾ — ਪੰਨਾ 04
ਕੈਪਟਨ ਅਮਰਿੰਦਰ ਸਿੰਘ ਵੱਲੋਂ ਦੋਸ਼, ਮੁੱਖ ਮੰਤਰੀ ਚਰਨਜੀਤ ਚੰਨੀ ਨੇ 111 ਦਿਨਾਂ ਵਿੱਚ 33 ਹਜ਼ਾਰ ਕਰੋੜ ਰੁਪਏ ਬਰਬਾਦ ਕੀਤੇ — ਪੰਨਾ 05





## ਜਲਦ ਹੀ ਪਾਬੰਦੀਆਂ ਹਟਾਉਣ ਬਾਰੇ ਵਿਚਾਰ ਕਰ ਰਹੀ ਹੈ ਫੋਰਡ ਸਰਕਾਰ!

ਓਨਟਾਰੀਓ, 10 ਫਰਵਰੀ (ਪੋਸਟ ਬਿਊਰੋ) : ਕਈ ਪ੍ਰੋਵਿੰਸਾਂ ਵੱਲੋਂ ਕੋਵਿਡ-19 ਪਾਬੰਦੀਆਂ ਵਿੱਚ ਦਿੱਤੀ ਜਾ ਰਹੀ ਢਿੱਲ ਦਰਮਿਆਨ ਫੋਰਡ ਸਰਕਾਰ ਉੱਤੇ ਵੀ ਇਹ ਦਬਾਅ ਹੈ ਕਿ ਉਹ ਸਿਹਤ ਸਬੰਧੀ ਪਾਬੰਦੀਆਂ ਵਿੱਚ ਕੋਈ ਰਿਆਇਤ ਦੇਵੇ।

ਇਸ ਦੇ ਮੱਦੇਨਜ਼ਰ ਬੁੱਧਵਾਰ ਨੂੰ ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੇ ਆਖਿਆ ਕਿ ਓਨਟਾਰੀਓ ਹੋਰਨਾਂ ਪ੍ਰੋਵਿੰਸਾਂ ਦੀ ਤਰਜ਼ ਉੱਤੇ ਵੈਕਸੀਨੇਸ਼ਨ ਦੇ ਸਬੂਤ ਤੇ ਮਾਸਕ ਸਬੰਧੀ ਨਿਯਮਾਂ ਵਿੱਚ ਤਬਦੀਲੀ ਨਹੀਂ ਕਰਨ ਵਾਲਾ। ਪਰ ਕਈ ਸੂਤਰਾਂ ਅਨੁਸਾਰ ਸਿਹਤ ਮੰਤਰਾਲੇ ਵੱਲੋਂ ਰੀਓਪਨਿੰਗ ਲਈ ਸਮਾਂ ਸੀਮਾਂ ਨੂੰ ਘਟਾਉਣ ਤੇ ਇਸ ਲਈ



ਕੈਬਨਿਟ ਨੂੰ ਰਾਜ਼ੀ ਕਰਨ ਦੀ ਕਵਾਇਦ ਸ਼ੁਰੂ ਕਰ ਦਿੱਤੀ ਗਈ ਹੈ। ਇਹ ਵੀ ਕਨਸੋਆਂ ਹਨ ਕਿ ਓਨਟਾਰੀਓ ਵਿੱਚ ਨਿਰਧਾਰਤ ਸ਼ਡਿਊਲ ਤੋਂ ਪਹਿਲਾਂ ਹੀ ਕੁੱਝ ਪਾਬੰਦੀਆਂ ਹਟਾਈਆਂ ਜਾ ਸਕਦੀਆਂ ਹਨ।

ਮੌਜੂਦਾ ਗਾਈਡਲਾਈਨਜ਼ ਤਹਿਤ 21 ਫਰਵਰੀ ਨੂੰ ਕੁੱਝ ਹੋਰ ਪਾਬੰਦੀਆਂ ਨੂੰ ਹਟਾਇਆ ਜਾ ਸਕਦਾ ਹੈ। ਬਾਕੀ ਰਹਿੰਦੀਆਂ ਪਾਬੰਦੀਆਂ 14 ਮਾਰਚ ਤੱਕ ਹਟਾਏ ਜਾਣ ਦੀ ਸੰਭਾਵਨਾ ਹੈ। ਐਲੀਅਟ ਨੇ ਇਹ ਜਾਣਕਾਰੀ ਨਹੀਂ ਦਿੱਤੀ ਕਿ ਵੈਕਸੀਨ ਸਬੰਧੀ ਪਾਬੰਦੀਆਂ ਜਾਂ ਮਾਸਕ ਸਬੰਧੀ ਪਾਬੰਦੀਆਂ ਕਦੋਂ ਹਟਾਈਆਂ ਜਾਣਗੀਆਂ ਪਰ ਉਨ੍ਹਾਂ ਇਹ ਜ਼ਰੂਰ ਆਖਿਆ ਕਿ ਮਾਸਕ ਸਬੰਧੀ ਨਿਯਮ ਤਾਂ ਕੁੱਝ ਸਮੇਂ ਲਈ ਹੋਰ ਜਾਰੀ ਰਹਿਣਗੇ। ਇਸ ਦੌਰਾਨ ਬਰੈਂਪਟਨ ਤੋਂ ਮੇਅਰ ਪੈਟ੍ਰਿਕ ਬ੍ਰਾਊਨ ਨੇ ਵੀ ਮੰਗ ਕੀਤੀ ਹੈ ਕਿ ਰੀਓਪਨਿੰਗ ਪ੍ਰਕਿਰਿਆ ਜਲਦ ਤੋਂ ਜਲਦ ਅਮਲ ਵਿੱਚ ਲਿਆਂਦੀ ਜਾਵੇ। ਵੀਰਵਾਰ ਨੂੰ ਓਨਟਾਰੀਓ ਦੇ ਉੱਘੇ ਡਾਕਟਰ ਕੀਰਨ ਮੂਰ ਵੱਲੋਂ ਇਸ ਸਬੰਧ ਵਿੱਚ ਵੱਡਾ ਐਲਾਨ ਕੀਤੇ ਜਾਣ ਦੀ ਸੰਭਾਵਨਾ ਹੈ।

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

INSURANCE
- Home
- Business
- Life Insurance
- Auto
- Trucking
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

Locations: Woodbridge, Mississauga, Scarborough
YES! Immigration
Yes we can...
Celebrating 16 Years
16 ਸਾਲਾਂ ਤੋਂ ਤੋਹਾਡੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ
10-20% Discount
iccrc
Raj Narang
Ritu Narang
ਕੇਨੇਡਾ ਦੇ ਵੀਜ਼ਾ ਵਾਸਤੇ ਅਜੱ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL
Insurance Advisor
416-724-5000

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Axael InsuranceBrokers Ltd.
1332 Khalsa Dr, Unit # 11, Mississauga, ON L5S 0A2

Dubai Jewellers
10% additional discount on gold and upto 50% on diamond.
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive
Unit #19, Brampton
Ontario L6S 0E9
North Park & Airport Major Intersection
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8)
(Monday Closed)
Dubai Jewellers
Raj & Gulshan
Mob: 416-465-1200
www.dubaijewellers.ca
info@dubaijewellers.ca

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

MANN LAW FIRM
- Real Estate Law
- Wills & Estates
- Power of Attorney
- Business Law
- Family Law
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL
416 938 4598


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
$25/mo.
1 Promenade Circle, Thornhill
379 Main St. North, Brampton
2456 Lake Shore Blvd West, Etobicoke
chatr™
AUTHORIZED DEALER
Offer subject to change without notice. Get up to 500MB of data on the Talk, Text and Data Plan. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2022

# ਗਵਰਨਰ ਜਨਰਲ ਸਾਇਮਨ ਆਈ ਕੋਵਿਡ-19 ਪਾਜ਼ੀਟਿਵ



ਓਟਵਾ, 10 ਫਰਵਰੀ (ਪੋਸਟ ਬਿਊਰੋ) : ਗਵਰਨਰ ਜਨਰਲ ਮੈਰੀ ਸਾਇਮਨ ਦਾ ਕੋਵਿਡ-19 ਟੈਸਟ ਪਾਜ਼ੀਟਿਵ ਆਇਆ ਹੈ। ਇਹ ਜਾਣਕਾਰੀ ਉਨ੍ਹਾਂ ਦੇ ਆਫਿਸ ਵੱਲੋਂ ਬੁੱਧਵਾਰ ਨੂੰ ਦਿੱਤੀ ਗਈ।

ਇੱਕ ਬਿਆਨ ਵਿੱਚ ਸਾਇਮਨ ਨੇ ਆਖਿਆ ਕਿ ਉਨ੍ਹਾਂ ਨੂੰ ਹਲਕੇ ਲੱਛਣ ਮਹਿਸੂਸ ਹੋ ਰਹੇ ਹਨ ਤੇ ਉਹ ਸੈਲਫ ਆਈਸੋਲੇਸ਼ਨ ਜਾਰੀ ਰੱਖੇਗੀ। ਰੀਡੋ ਹਾਲ ਨੇ ਮੰਗਲਵਾਰ ਨੂੰ ਇਹ ਐਲਾਨ ਕੀਤਾ ਸੀ ਕਿ ਸਾਇਮਨ ਦੇ ਪਤੀ ਵਿਟ ਫਰੇਜ਼ਰ ਕੋਵਿਡ-19 ਪਾਜ਼ੀਟਿਵ ਆਏ ਹਨ। ਦੋਵਾਂ ਜੀਆਂ ਦੀ ਪੂਰੀ ਵੈਕਸੀਨੇਸ਼ਨ ਹੋਈ ਪਈ ਹੈ ਤੇ ਦੋਵਾਂ ਨੇ ਬੂਸਟਰ ਡੋਜ਼ ਵੀ ਲਈ ਹੋਈ ਹੈ।

ਸਾਇਮਨ ਨੇ ਆਖਿਆ ਕਿ ਅਜੇ ਅਸੀਂ ਮਹਾਂਮਾਰੀ ਤੋਂ ਬਾਹਰ ਨਹੀਂ ਆਏ ਹਾਂ ਪਰ ਇਸ ਪਾਸੇ ਅਸੀਂ ਕਮਾਲ ਦਾ ਕੰਮ ਕੀਤਾ ਹੈ। ਉਨ੍ਹਾਂ ਆਖਿਆ ਕਿ ਵਾਇਰਸ ਨਾਲ ਲੜਨ ਲਈ ਉਨ੍ਹਾਂ ਦੀ ਮਦਦ ਕਰਨ ਵਾਲਿਆਂ ਵਾਸਤੇ ਉਹ ਸ਼ੁਕਰਗੁਜ਼ਾਰ ਹਨ।

# ਮੁਜ਼ਾਹਰਿਆਂ ਕਾਰਨ ਅੰਬੈਸਡਰ ਬ੍ਰਿੱਜ ਕੀਤਾ ਗਿਆ ਬੰਦ!



ਓਨਟਾਰੀਓ, 10 ਫਰਵਰੀ (ਪੋਸਟ ਬਿਊਰੋ) : ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ (ਓਪੀਪੀ) ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਵਿੰਡਸਰ, ਓਨਟਾਰੀਓ ਤੇ ਡਿਟਰੌਇਟ ਦਰਮਿਆਨ ਦੋਵਾਂ ਪਾਸਿਆਂ ਤੋਂ ਹੀ ਅੰਬੈਸਡਰ ਬ੍ਰਿਜ ਉੱਤੇ ਕਿਸੇ ਪਾਸਿਓਂ ਦਾਖਲਾ ਨਹੀਂ ਹੈ। ਅਜਿਹਾ ਲਾਜ਼ਮੀ ਕੀਤੀ ਗਈ ਵੈਕਸੀਨੇਸ਼ਨ ਦਾ ਵਿਰੋਧ ਕਰਨ ਵਾਲਿਆਂ ਦੀ ਬਦੌਲਤ ਹੋ ਰਿਹਾ ਹੈ।

ਅਸੈਕਸ ਕਾਊਂਟੀ ਵਿੱਚ ਓਪੀਪੀ ਵੱਲੋਂ ਜਾਰੀ ਇੱਕ ਬਿਆਨ ਵਿੱਚ ਆਖਿਆ ਗਿਆ ਕਿ ਸੋਮਵਾਰ ਨੂੰ ਰਾਤੀਂ 8:00 ਵਜੇ ਡਿਟਰੌਇਟ ਤੇ ਵਿੰਡਸਰ ਦਰਮਿਆਨ ਸੱਭ ਤੋਂ ਵੱਡੇ ਲਾਂਘੇ ਤੱਕ ਕੈਨੇਡਾ ਤੇ ਅਮਰੀਕਾ ਵੱਲੋਂ ਪਹੁੰਚ ਨਹੀਂ ਸੀ ਕੀਤੀ ਜਾ ਰਹੀ। ਇੱਥੇ ਵੱਡੀ ਮਾਤਰਾ ਵਿੱਚ ਟਰੈਫਿਕ ਜਾਮ ਹੋ ਗਿਆ ਸੀ। ਇਸ ਦੌਰਾਨ ਲੋਕਾਂ ਨੂੰ ਇਸ ਇਲਾਕੇ ਵਿੱਚ ਨਾ ਆਉਣ ਜਾਂ ਆਪਣੀ ਮੰਜ਼ਿਲ ਤੱਕ ਪਹੁੰਚਣ ਲਈ ਕੋਈ ਬਦਲਵਾਂ ਰਾਹ ਅਪਨਾਉਣ ਦੀ ਸਲਾਹ ਦਿੱਤੀ ਜਾ ਰਹੀ ਸੀ। ਲੋਕਾਂ ਨੂੰ ਸਾਰਨੀਆ ਵਿਚਲੇ ਬਲੂਵਾਟਰ ਬ੍ਰਿਜ ਰਾਹੀਂ ਲੰਘਣ ਲਈ ਵੀ ਆਖਿਆ ਜਾ ਰਿਹਾ ਸੀ।

ਪੁਲਿਸ ਨੇ ਇਹ ਵੀ ਆਖਿਆ ਕਿ ਜਿਵੇਂ ਹੀ ਅਪਡੇਟਸ ਆਉਣਗੀਆਂ, ਉਨ੍ਹਾਂ ਬਾਰੇ ਸਾਰਿਆਂ ਨੂੰ ਆਗਾਹ ਕੀਤਾ ਜਾਵੇਗਾ। ਰੋਜ਼ਾਨਾਂ ਇਸ ਅੰਬੈਸਡਰ ਬ੍ਰਿਜ ਰਾਹੀਂ 10,000 ਕਮਰਸ਼ੀਅਲ ਗੱਡੀਆਂ ਗੁਜ਼ਰਦੀਆਂ ਹਨ ਤੇ ਇਹ ਵਪਾਰ ਦੇ ਲਿਹਾਜ ਨਾਲ ਸੱਭ ਤੋਂ ਮਸ਼ਰੂਫ ਰਹਿਣ ਵਾਲੀ ਕੌਮਾਂਤਰੀ ਸਰਹੱਦ ਹੈ। ਸੋਸ਼ਲ ਮੀਡੀਆ ਉੱਤੇ ਪੋਸਟ ਕੀਤੀਆਂ ਗਈਆਂ ਵੀਡੀਓਜ਼ ਵਿੱਚ ਇਸ ਬ੍ਰਿੱਜ ਉੱਤੇ ਟਰੱਕਰਜ਼ ਵੱਲੋਂ ਲਾਇਆ ਗਿਆ ਜਾਮ ਸਾਫ ਨਜ਼ਰ ਆਉਂਦਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਕੈਨੇਡੀਅਨ ਪਾਸੇ ਵੱਲ ਦਾਖਲ ਹੋਣ ਲਈ ਘੱਟੋ ਘੱਟ ਦੋ ਘੰਟੇ ਦਾ ਲੰਮਾਂ ਇੰਤਜ਼ਾਰ ਤੱਕ ਕਰਨਾ ਪੈ ਰਿਹਾ ਹੈ।

ਇਸ ਦੌਰਾਨ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀਬੀਐਸਏ) ਵੱਲੋਂ ਕੀਤੇ ਗਏ ਐਲਾਨ ਵਿੱਚ ਸਰਕਾਰੀ ਵੈੱਬਸਾਈਟ ਉੱਤੇ ਆਖਿਆ ਗਿਆ ਹੈ ਕਿ ਅੰਬੈਸਡਰ ਬ੍ਰਿਜ ਨੂੰ ਆਰਜ਼ੀ ਤੌਰ ਉੱਤੇ ਬੰਦ ਕਰ ਦਿੱਤਾ ਗਿਆ ਹੈ।

# ਵਰਕਿੰਗ ਪਰਿਵਾਰਾਂ ਲਈ ਓਨਟਾਰੀਓ ਸਰਕਾਰ ਤਿਆਰ ਕਰ ਰਹੀ ਹੈ ਨਵੀਆਂ ਚਾਈਲਡ ਕੇਅਰ ਸਪੇਸਿਜ਼



ਬਰੈਂਪਟਨ, 10 ਫਰਵਰੀ (ਪੋਸਟ ਬਿਊਰੋ) : ਬਰੈਂਪਟਨ ਵਿੱਚ ਵਰਕਿੰਗ ਪਰਿਵਾਰਾਂ ਦੀ ਮਦਦ ਲਈ ਓਨਟਾਰੀਓ ਸਰਕਾਰ ਐਗਨਸ ਟੇਲਰ ਪਬਲਿਕ ਸਕੂਲ ਵਿੱਚ 73 ਚਾਈਲਡ ਕੇਅਰ ਸਪੇਸਿਜ਼ ਕਾਇਮ ਕਰਨ ਵਾਸਤੇ 2.1 ਮਿਲੀਅਨ ਡਾਲਰ ਦਾ ਨਿਵੇਸ਼ ਕਰ ਰਹੀ ਹੈ।

ਇਸ ਨਿਵੇਸ਼ ਦਾ ਐਲਾਨ ਬਰੈਂਪਟਨ ਸਾਊਥ ਤੋਂ ਐਮਪੀਪੀ ਪ੍ਰਭਮੀਤ ਸਰਕਾਰੀਆ ਵੱਲੋਂ ਕੀਤਾ ਗਿਆ। ਇਹ ਨਿਵੇਸ਼ ਫੋਰਡ ਸਰਕਾਰ ਵੱਲੋਂ ਪ੍ਰੋਵਿੰਸ ਭਰ ਵਿੱਚ ਕਿਫਾਇਤੀ ਚਾਈਲਡ ਕੇਅਰ ਮੁਹੱਈਆ ਕਰਵਾਉਣ ਦੀ ਪ੍ਰਗਟਾਈ ਗਈ ਵਚਨਬੱਧਤਾ ਦਾ ਹੀ ਹਿੱਸਾ ਹੈ।

ਪ੍ਰੋਵਿੰਸ ਵਿੱਚ ਅਰਲੀ ਯੀਅਰਜ਼ ਕੈਪੀਟਲ ਪ੍ਰੋਗਰਾਮ ਰਾਹੀਂ ਮੁਕੰਮਲ ਹੋਣ ਉੱਤੇ ਇਸ ਪ੍ਰੋਜੈਕਟ ਤਹਿਤ ਇੱਕ ਇਨਫੈਂਟ ਰੂਮ, ਇੱਕ ਟੌਡਲਰ ਰੂਮ ਤੇ ਦੋ ਪ੍ਰੀ ਸਕੂਲ ਰੂਮਜ਼ ਮੁਹੱਈਆ ਕਰਵਾਏ ਜਾਣਗੇ। ਸਿੱਖਿਆ ਮੰਤਰੀ ਸਟੀਫਨ ਲਿਚੇ ਵੱਲੋਂ ਪਿੱਛੇ ਜਿਹੇ ਕੀਤੇ ਗਏ ਐਲਾਨ ਅਨੁਸਾਰ ਪੀਲ ਡਿਸਟ੍ਰਿਕਟ ਸਕੂਲ ਬੋਰਡ ਦੇ ਐਗਨਸ ਟੇਲਰ ਪਬਲਿਕ ਸਕੂਲ ਵਿੱਚ ਕੀਤਾ ਜਾਣ ਵਾਲਾ ਇਹ ਪਸਾਰ ਸਕੂਲ ਤੇ ਚਾਈਲਡ ਕੇਅਰ ਸਪੇਸਿਜ਼ ਲਈ ਖਰਚ ਕੀਤੇ ਜਾਣ ਵਾਲੇ 600 ਮਿਲੀਅਨ ਡਾਲਰ ਦਾ ਹਿੱਸਾ ਹੈ। ਸਮੁੱਚੇ ਨਿਵੇਸ਼ ਰਾਹੀਂ 78 ਸਕੂਲਾਂ ਤੇ ਚਾਈਲਡ ਕੇਅਰ ਪ੍ਰੋਜੈਕਟਸ ਦੀ ਮਦਦ ਕੀਤੀ ਜਾਵੇਗੀ।

ਇਸ ਨਿਵੇਸ਼ ਲਈ ਪ੍ਰੋਵਿੰਸ ਵੱਲੋਂ 95 ਮਿਲੀਅਨ ਡਾਲਰ ਤੋਂ ਵੱਧ ਖਰਚ ਕੀਤੇ ਜਾਣਗੇ। ਇਨ੍ਹਾਂ ਪੈਸਿਆਂ ਨਾਲ ਓਨਟਾਰੀਓ ਭਰ ਦੇ 55 ਚਾਈਲਡ ਕੇਅਰ ਸੈਂਟਰਜ਼ ਉੱਤੇ ਮੁਰੰਮਤ ਕਰਕੇ ਜਾਂ ਉਨ੍ਹਾਂ ਦਾ ਪਸਾਰ ਕਰਕੇ 3,000 ਚਾਈਲਡ ਕੇਅਰ ਸਪੇਸਿਜ਼ ਕਾਇਮ ਕੀਤੀਆਂ ਜਾਣਗੀਆਂ। ਇਸ ਨਿਵੇਸ਼ ਨਾਲ ਪਰਿਵਾਰਾਂ ਨੂੰ ਆਪਣੇ ਬੱਚਿਆਂ ਲਈ ਵਧੇਰੇ ਬਦਲ ਮਿਲ ਸਕਣਗੇ। ਓਨਟਾਰੀਓ ਭਰ ਵਿੱਚ ਪ੍ਰੋਵਿੰਸ ਵੱਲੋਂ ਕੁੱਲ 40 ਇਨਫੈਂਟ ਰੂਮ (400 ਨਵੀਆਂ ਸਪੇਸਿਜ਼), 59 ਟੌਡਲਰ ਰੂਮ (885 ਨਵੀਆਂ ਸਪੇਸਿਜ਼), 71 ਪ੍ਰੀਸਕੂਲ ਰੂਮ(1,704 ਨਵੀਆਂ ਸਪੇਸਿਜ਼), ਸੱਤ ਫੈਮਿਲੀ ਏਜ ਗਰੁੱਪ ਰੂਮ(105 ਨਵੀਆਂ ਸਪੇਸਿਜ਼) ਕਾਇਮ ਕੀਤੀਆਂ ਜਾਣਗੀਆਂ।

ਇਸ ਮੌਕੇ ਪ੍ਰਭਮੀਤ ਸਰਕਾਰੀਆ ਨੇ ਆਖਿਆ ਕਿ ਪਿਛਲੀਆਂ ਸਰਕਾਰਾਂ ਵੇਲੇ ਇਸ ਪਾਸੇ ਨੂੰ ਬਿਲਕੁਲ ਨਜ਼ਰਅੰਦਾਜ਼ ਕੀਤਾ ਗਿਆ। ਪਰ ਅਸੀਂ ਪਰਿਵਾਰਾਂ ਦੀ ਮਦਦ ਕਰਨ ਤੇ ਉਨ੍ਹਾਂ ਨੂੰ ਕਿਫਾਇਤੀ ਚਾਈਲਡ ਕੇਅਰ ਮੁਹੱਈਆ ਕਰਵਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣੀ ਚਾਹੁੰਦੇ।

# ਫਰੀਡਮ ਕੌਨਵੌਏ ਦੇ ਮੁਜ਼ਾਹਰਿਆਂ ਨੂੰ ਰੋਕਣ ਲਈ ਪੁਲਿਸ ਵੱਲੋਂ ਜਾਰੀ ਕੀਤੀਆਂ ਜਾ ਰਹੀਆਂ ਹਨ ਚੇਤਾਵਨੀਆਂ




ਓਟਵਾ, 10 ਫਰਵਰੀ (ਪੋਸਟ ਬਿਊਰੋ) : ਫਰੀਡਮ ਕੌਨਵੌਏ ਵੱਲੋਂ ਕੀਤੇ ਜਾ ਰਹੇ ਮੁਜ਼ਾਹਰਿਆਂ ਦੇ ਦੂਜੇ ਹਫਤੇ ਜਾਰੀ ਰਹਿਣ ਦੇ ਮੱਦੇਨਜ਼ਰ ਓਟਵਾ ਪੁਲਿਸ ਸਰਵਿਸ ਵੱਲੋਂ ਮੁਜ਼ਾਹਰਾਕਾਰੀਆਂ ਨੂੰ ਨੋਟਿਸ ਜਾਰੀ ਕੀਤਾ ਗਿਆ ਹੈ ਜਿਸ ਵਿੱਚ ਆਖਿਆ ਗਿਆ ਹੈ ਕਿ ਡਾਊਨਟਾਊਨ ਵਿੱਚ ਸੜਕਾਂ ਰੋਕੀ ਬੈਠੇ ਲੋਕਾਂ ਨੂੰ ਗ੍ਰਿਫਤਾਰ ਕੀਤਾ ਜਾਵੇਗਾ ਤੇ ਉਨ੍ਹਾਂ ਦੇ ਟਰੱਕਾਂ ਨੂੰ ਜ਼ਬਤ ਕਰ ਲਿਆ ਜਾਵੇਗਾ।

ਵੈਕਸੀਨ ਨੂੰ ਲਾਜ਼ਮੀ ਕੀਤੇ ਜਾਣ ਤੇ ਮਹਾਂਮਾਰੀ ਸਬੰਧੀ ਪਾਬੰਦੀਆਂ ਦਾ ਵਿਰੋਧ ਕਰਨ ਲਈ ਦੋ ਹਫਤਿਆਂ ਤੋਂ ਮੁਜ਼ਾਹਰਾਕਾਰੀ ਸਿਟੀ ਦੇ ਡਾਊਨਟਾਊਨ ਵਿੱਚ ਡੇਰਾ ਲਾਈ ਬੈਠੇ ਹਨ। ਕੂਟਸ, ਅਲਬਰਟਾ ਵਿੱਚ ਵੀ ਸਰਹੱਦ ਉੱਤੇ ਟਰੱਕ ਡਰਾਈਵਰ ਤੇ ਹੋਰ ਲੋਕ ਓਟਵਾ ਵਿੱਚ ਜਾਰੀ ਮੁਜ਼ਾਹਰਿਆਂ ਦਾ ਸਮਰਥਨ ਕਰਨ ਲਈ ਰਾਹ ਰੋਕੀ ਬੈਠੇ ਹਨ। ਆਰਸੀਐਮਪੀ ਵੱਲੋਂ ਇਨ੍ਹਾਂ ਲੋਕਾਂ ਨੂੰ ਕਿਤੇ ਹੋਰ ਜਾ ਕੇ ਰੋਸ ਪ੍ਰਗਟਾਉਣ ਲਈ ਆਖਣ ਦੀ ਕੀਤੀ ਜਾ ਰਹੀ ਕੋਸ਼ਿਸ਼ ਦਾ ਵੀ ਉਨ੍ਹਾਂ ਲੋਕਾਂ ਵੱਲੋਂ ਵਿਰੋਧ ਕੀਤਾ ਗਿਆ ਤੇ ਉਨ੍ਹਾਂ ਆਖਿਆ ਕਿ ਉਹ ਕਿਤੇ ਨਹੀਂ ਜਾਣਗੇ। ਇਸ ਉੱਤੇ ਪੁਲਿਸ ਅਧਿਕਾਰੀਆਂ ਵੱਲੋਂ ਟਿਕਟਾਂ ਜਾਰੀ ਕਰਨ ਦਾ ਸਿਲਸਿਲਾ ਸ਼ੁਰੂ ਕੀਤਾ ਗਿਆ ਹੈ।

ਇੱਕ ਹੋਰ ਮੁਜ਼ਾਹਰਾ ਵਿੰਡਸਰ, ਓਨਟਾਰੀਓ ਵਿੱਚ ਅੰਬੈਸਡਰ ਬ੍ਰਿਜ ਉੱਤੇ ਕੈਨੇਡਾ ਵਾਲੇ ਪਾਸੇ ਕੀਤਾ ਜਾ ਰਿਹਾ ਹੈ। ਇਹ ਮੁਜ਼ਾਹਰਾ ਸੋਮਵਾਰ ਤੋਂ ਸ਼ੁਰੂ ਹੋਇਆ। ਇੱਥੇ ਲਾਏ ਗਏ ਜਾਮ ਤੋਂ ਪਰੇਸ਼ਾਨ ਸਿਟੀ ਆਫ ਵਿੰਡਸਰ ਤੇ ਲੋਕਲ ਪੁਲਿਸ ਸਰਵਿਸ ਵੱਲੋਂ ਪ੍ਰੋਵਿੰਸ਼ੀਅਲ ਤੇ ਫੈਡਰਲ ਸਰਕਾਰ ਤੋਂ ਮਦਦ ਦੀ ਮੰਗ ਕੀਤੀ ਜਾ ਰਹੀ ਹੈ। ਵਿੰਡਸਰ ਦੇ ਮੇਅਰ ਡਰਿਊ ਡਿਲਕਨਜ਼ ਨੇ ਆਖਿਆ ਕਿ ਅਸੀਂ ਸ਼ਾਂਤਮਈ ਤੇ ਸੁਰੱਖਿਅਤ ਢੰਗ ਨਾਲ ਇਹ ਮੁੱਦਾ ਸੁਲਝਾਉਣ ਦੀ ਕੋਸ਼ਿਸ਼ ਕਰ ਰਹੇ ਹਾਂ। ਇਸ ਨਾਲ ਸਾਡੇ ਅਰਥਚਾਰੇ ਨੂੰ ਨੁਕਸਾਨ ਪਹੁੰਚ ਰਿਹਾ ਹੈ, ਲੋਕਾਂ ਦੀਆਂ ਨੌਕਰੀਆਂ ਉੱਤੇ ਬਣੀ ਹੋਈ ਹੈ ਤੇ ਇਸ ਨੂੰ ਸਵੀਕਾਰਿਆ ਨਹੀਂ ਜਾ ਸਕਦਾ। ਅਸੀਂ ਇਸ ਨੂੰ ਜਾਰੀ ਨਹੀਂ ਰੱਖਣ ਦੇ ਸਕਦੇ।

ਹੋਰਨਾਂ ਕਮਿਊਨਿਟੀਜ਼ ਵਿੱਚ ਵੀ ਪੁਲਿਸ ਤੇ ਸਰਕਾਰਾਂ ਨੂੰ ਇਸ ਤਰ੍ਹਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਟੋਰਾਂਟੋ ਪੁਲਿਸ ਨੇ ਦੱਸਿਆ ਕਿ ਸੋਸ਼ਲ ਮੀਡੀਆ ਉੱਤੇ ਮੁਜ਼ਾਹਰੇ ਦੀ ਮਿਲੀ ਅਪਡੇਟ ਤੋਂ ਬਾਅਦ ਉਨ੍ਹਾਂ ਵੱਲੋਂ ਕੁਈਨਜ਼ ਪਾਰਕ ਸਰਕਲ ਨੂੰ ਬੰਦ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ।

# ਬੈਰੀ ਦੀ 3 ਸਾਲਾ ਬੱਚੀ ਲਈ ਜਾਰੀ ਕੀਤਾ ਗਿਆ ਐਂਬਰ ਐਲਰਟ

ਓਨਟਾਰੀਓ, 10 ਫਰਵਰੀ (ਪੋਸਟ ਬਿਊਰੋ) : ਬੈਰੀ, ਓਨਟਾਰੀਓ ਤੋਂ 3 ਸਾਲਾਂ ਦੀ ਬੱਚੀ ਲਈ ਐਂਬਰ ਐਲਰਟ ਜਾਰੀ ਕੀਤਾ ਗਿਆ ਹੈ।

ਬੈਰੀ ਪੁਲਿਸ ਸਰਵਿਸ ਦਾ ਕਹਿਣਾ ਹੈ ਕਿ ਉਹ ਤਿੰਨ ਸਾਲਾਂ ਦੀ ਐਰਾਬੈਲਾ ਵਿਏਨੂੰ ਦੇ ਲਾਪਤਾ ਹੋਣ ਕਾਰਨ ਕਾਫੀ ਚਿੰਤਤ ਹਨ। ਬੈਰੀ ਪੁਲਿਸ ਕਮਿਊਨਿਕੇਸ਼ਨਜ਼ ਦੇ ਕੋ-ਆਰਡੀਨੇਟਰ ਪੀਟਰ ਲਿਓਨ ਨੇ ਆਖਿਆ ਕਿ ਮੰਗਲਵਾਰ ਨੂੰ ਇੱਕ ਘਰ ਵਿੱਚ ਦੋ ਬੱਚੇ ਹੋਣੇ ਚਾਹੀਦੇ ਸਨ ਪਰ ਉੱਥੇ ਸਿਰਫ ਇੱਕ ਬੱਚਾ ਹੀ ਮੌਜੂਦ ਸੀ। ਪੁਲਿਸ ਅਧਿਕਾਰੀਆਂ ਨੇ ਘਰ ਵਿੱਚ ਸਾਰੇ ਪਾਸੇ ਚੰਗੀ ਤਰ੍ਹਾਂ ਜਾਂਚ ਕੀਤੀ ਪਰ ਉਨ੍ਹਾਂ ਨੂੰ ਦੂਜਾ ਬੱਚਾ ਨਹੀਂ ਲੱਭਿਆ।

ਲਿਓਨ ਨੇ ਆਖਿਆ ਕਿ ਪੁਲਿਸ ਨੂੰ ਨਹੀਂ ਲੱਗਦਾ ਕਿ ਐਰਾਬੈਲਾ ਨੂੰ ਅਗਵਾ ਕੀਤਾ ਗਿਆ ਹੈ। ਉਨ੍ਹਾਂ ਆਖਿਆ ਕਿ ਇਹ ਵੀ ਸੰਭਾਵਨਾ ਹੈ ਕਿ ਉਸ ਨੂੰ ਕਿਸੇ ਦੋਸਤ ਦੇ ਘਰ ਰਾਤ ਨੂੰ ਸੌਣ ਲਈ ਛੱਡਿਆ ਗਿਆ ਹੋਵੇ। ਉਨ੍ਹਾਂ ਆਖਿਆ ਕਿ ਕਾਰਨ ਕੋਈ ਵੀ ਹੋਵੇ



ਉਸ ਦੀ ਸੇਫਟੀ ਨੂੰ ਲੈ ਕੇ ਉਹ ਕਾਫੀ ਚਿੰਤਤ ਹਨ। ਐਰਾਬੈਲਾ ਨੂੰ ਆਖਰੀ ਵਾਰੀ ਕਿਸੇ ਫੈਮਿਲੀ ਫਰੈਂਡ ਵੱਲੋਂ ਸ਼ਾਮੀਂ 5:30 ਵਜੇ ਟਨਬ੍ਰਿੱਜ ਰੋਡ ਦੇ ਇੱਕ ਘਰ ਵਿੱਚ ਵੇਖਿਆ ਗਿਆ ਸੀ।

ਪੁਲਿਸ ਵੱਲੋਂ ਜਾਰੀ ਕੀਤੇ ਗਏ ਵੇਰਵੇ ਅਨੁਸਾਰ ਉਹ ਤਿੰਨ ਫੁੱਟ ਦੀ, 30 ਤੋਂ 40 ਪਾਊਂਡ ਵਜ਼ਨੀ, ਬਲੌਂਡ ਵਾਲਾਂ ਵਾਲੀ ਹਰੀਆਂ ਅੱਖਾਂ ਵਾਲੀ ਬੱਚੀ ਹੈ। ਪੁਲਿਸ ਨੇ ਆਖਿਆ ਕਿ ਉਸ ਨੇ ਲਾਲ ਰੰਗ ਦੀ ਪੈਂਟ, ਗ੍ਰੇਅ ਟੀ-ਸ਼ਰਟ ਪਾਈ ਹੋ ਸਕਦੀ ਹੈ ਤੇ ਉਹ ਅਕਸਰ ਨੇਵੀ ਬਲੂ ਰੰਗ ਦੀ ਬੌਂਬਰ ਸਟਾਈਲ ਜੈਕੇਟ ਪਾਉਂਦੀ ਹੈ।

# ਪ੍ਰਿੰਸ ਚਾਰਲਸ ਆਏ ਕੋਵਿਡ ਪਾਜ਼ੀਟਿਵ

ਲੰਡਨ, 10 ਫਰਵਰੀ (ਪੋਸਟ ਬਿਊਰੋ) : ਪ੍ਰਿੰਸ ਚਾਰਲਸ ਵੀ ਕੋਵਿਡ-19 ਪਾਜ਼ੀਟਿਵ ਆ ਗਏ ਹਨ ਤੇ ਉਹ ਸੈਲਫ ਆਈਸੋਲੇਟ ਕਰ ਰਹੇ ਹਨ। ਇਹ ਜਾਣਕਾਰੀ ਵੀਰਵਾਰ ਨੂੰ ਉਨ੍ਹਾਂ ਦੇ ਆਫਿਸ ਵੱਲੋਂ ਦਿੱਤੀ ਗਈ।

ਆਫੀਸ਼ਿਅਲ ਟਵਿੱਟਰ ਪੇਜ ਉੱਤੇ ਦਿੱਤੇ ਗਏ ਮੈਸੇਜ ਵਿੱਚ ਆਖਿਆ ਗਿਆ ਕਿ ਚਾਰਲਸ ਵੀਰਵਾਰ ਸਵੇਰੇ ਪਾਜ਼ੀਟਿਵ ਆਏ ਤੇ ਉਨ੍ਹਾਂ ਨੂੰ ਇਸ ਗੱਲ ਤੋਂ ਕਾਫੀ ਨਿਰਾਸ਼ਾ ਹੋਈ ਕਿ ਉਹ ਵਿੰਚੈਸਟਰ, ਇੰਗਲੈਂਡ ਵਿੱਚ ਇੱਕ ਨਿਰਧਾਰਤ ਪ੍ਰੋਗਰਾਮ ਵਿੱਚ ਹਿੱਸਾ ਨਹੀਂ ਲੈ ਸਕੇ। 73 ਸਾਲਾਂ ਦੇ ਚਾਰਲਸ ਨੇ ਬੁੱਧਵਾਰ ਸ਼ਾਮ ਨੂੰ ਲੰਡਨ ਦੇ ਬ੍ਰਿਟਿਸ਼ ਮਿਊਜ਼ੀਅਮ ਵਿੱਚ ਇੱਕ ਵੱਡੀ ਰਿਸੈਪਸ਼ਨ ਦੌਰਾਨ ਦਰਜਨਾਂ ਲੋਕਾਂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਦੇ ਨਾਲ ਉਨ੍ਹਾਂ ਦੀ ਪਤਨੀ ਕੈਮਿਲਾ ਵੀ ਸੀ ਤੇ ਉਹ ਬ੍ਰਿਟੇਨ ਦੇ ਟਰੇਜ਼ਰੀ ਚੀਫ ਰਿਸ਼ੀ ਸੁਨਕ ਦੇ ਵੀ ਨੇੜਲੇ ਸੰਪਰਕ ਵਿੱਚ ਆਏ।

ਚਾਰਲਸ ਦੇ ਆਫਿਸ ਵੱਲੋਂ ਇਸ ਗੱਲ ਦੀ ਵੀ ਪੁਸ਼ਟੀ ਕੀਤੀ ਗਈ ਕਿ ਉਨ੍ਹਾਂ ਦੀ ਪੂਰੀ ਵੈਕਸੀਨੇਸ਼ਨ ਹੋ ਚੁੱਕੀ ਹੈ ਤੇ ਉਨ੍ਹਾਂ ਨੂੰ ਬੂਸਟਰ ਡੋਜ਼ ਵੀ ਲੱਗੀ ਹੋਈ ਹੈ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਕਿ ਉਨ੍ਹਾਂ ਦੀ ਹਾਲਤ ਕਿਹੋ ਜਿਹੀ ਹੈ। ਇੱਥੇ ਦੱਸਣਾ ਬਣਦਾ ਹੈ ਕਿ ਮਾਰਚ 2020 ਵਿੱਚ ਮਹਾਂਮਾਰੀ ਦੀ ਪਹਿਲੀ ਵੇਵ ਦੌਰਾਨ ਵੀ ਚਾਰਲਸ ਨੂੰ ਕਰੋਨਾਵਾਇਰਸ ਹੋਇਆ ਸੀ। ਅਧਿਕਾਰੀਆਂ ਨੇ ਦੱਸਿਆ ਕਿ ਉਸ ਸਮੇਂ ਉਨ੍ਹਾਂ ਨੂੰ ਕੋਵਿਡ-19 ਦੇ ਮਾਮੂਲੀ ਲੱਛਣ ਸਨ। ਉਸ ਸਮੇਂ ਚਾਰਲਸ ਨੇ ਆਖਿਆ ਸੀ ਕਿ ਉਹ ਆਪਣੀ ਪਤਨੀ ਨਾਲ ਸਕੌਟਲੈਂਡ ਵਿੱਚ ਆਈਸੋਲੇਟ ਹੋ ਗਏ ਸਨ।

# ਗਰੌਸਰੀ ਸਟੋਰਜ਼ ਉੱਤੇ ਮੁਫਤ ਕੋਵਿਡ-19 ਰੈਪਿਡ ਟੈਸਟਸ ਮੁਹੱਈਆ ਕਰਵਾਏਗੀ ਓਨਟਾਰੀਓ ਸਰਕਾਰ




ਓਨਟਾਰੀਓ, 10 ਫਰਵਰੀ (ਪੋਸਟ ਬਿਊਰੋ) : ਓਨਟਾਰੀਓ ਵੱਲੋਂ ਪ੍ਰੋਵਿੰਸ ਭਰ ਦੇ ਗਰੌਸਰੀ ਸਟੋਰਜ਼ ਉੱਤੇ ਮੁਫਤ ਕੋਵਿਡ-19 ਰੈਪਿਡ ਟੈਸਟਸ ਮੁਹੱਈਆ ਕਰਵਾਏ ਜਾਣਗੇ। ਓਨਟਾਰੀਓ ਸਰਕਾਰ ਦੇ ਅੰਦਰੂਨੀ ਸੂਤਰਾਂ ਵੱਲੋਂ ਦਿੱਤੀ ਗਈ ਇਸ ਜਾਣਕਾਰੀ ਅਨੁਸਾਰ ਹਰ ਹਫਤੇ ਅੰਦਾਜ਼ਨ ਪੰਜ ਮਿਲੀਅਨ ਰੈਪਿਡ ਟੈਸਟਸ ਦਿੱਤੇ ਜਾਣਗੇ। ਉਨ੍ਹਾਂ ਆਖਿਆ ਕਿ ਗਰੌਸਰੀ ਲੈਣ ਆਉਣ ਵਾਲੇ ਹਰੇਕ ਪਰਿਵਾਰ ਨੂੰ ਦੇਣ ਲਈ ਇੱਕ ਕਿੱਟ ਹੋਵੇਗੀ ਤੇ ਹਰੇਕ ਕਿੱਟ ਵਿੱਚ ਪੰਜ ਰੈਪਿਡ ਟੈਸਟਸ ਹੋਣਗੇ। ਰੈਪਿਡ ਟੈਸਟਸ ਬਾਰੇ ਹੋਰ ਜਾਣਕਾਰੀ ਅਜੇ ਉਪਲਬਧ ਨਹੀਂ ਹੈ ਪਰ ਉਮੀਦ ਕੀਤੀ ਜਾ ਰਹੀ ਹੈ ਕਿ ਇਸ ਸਬੰਧ ਵਿੱਚ ਸਰਕਾਰ ਬੁੱਧਵਾਰ ਨੂੰ ਐਲਾਨ ਕਰੇਗੀ। ਸੂਤਰਾਂ ਨੇ ਆਖਿਆ ਕਿ ਸਰਕਾਰ 21 ਫਰਵਰੀ ਤੋਂ ਸ਼ੁਰੂ ਕੀਤੇ ਜਾਣ ਵਾਲੇ ਰੀਓਪਨਿੰਗ ਪਲੈਨ ਦੇ ਅਗਲੇ ਪੜਾਅ ਲਈ ਹੀ ਇਹ ਮੁਫਤ ਟੈਸਟਸ ਮੁਹੱਈਆ ਕਰਵਾ ਰਹੀ ਹੈ। ਇਹ ਖਬਰ ਉਸ ਦਿਨ ਹੀ ਆਈ ਜਿਸ ਦਿਨ ਓਨਟਾਰੀਓ ਦੇ ਕੋਵਿਡ-19 ਸਬੰਧੀ ਸਾਇੰਸ ਐਡਵਾਈਜ਼ਰੀ ਬੋਰਡ ਟੇਬਲ ਵੱਲੋਂ ਘਰ ਵਿੱਚ ਕੀਤੇ ਜਾਣ ਵਾਲੇ ਟੈਸਟ ਸਬੰਧੀ ਹਦਾਇਤਾਂ ਵਾਲਾ ਵੀਡੀਓ ਰਲੀਜ਼ ਕੀਤਾ।

# ਓਟਵਾ ਦੀਆਂ ਸੜਕਾਂ ਨੂੰ ਘੇਰਾ ਪਾਈ ਬੈਠੇ ਟਰੱਕਾਂ ਨੂੰ ਹਟਾਉਣ ਤੋਂ ਟੋਅ ਟਰੱਕ ਕੰਪਨੀਆਂ ਨੇ ਕੀਤਾ ਇਨਕਾਰ



ਓਟਵਾ, 10 ਫਰਵਰੀ (ਪੋਸਟ ਬਿਊਰੋ) : ਲਗਾਤਾਰ ਦੂਜੇ ਹਫਤੇ ਓਟਵਾ ਦੇ ਡਾਊਨਟਾਊਨ ਵਿੱਚ ਸੜਕਾਂ ਨੂੰ ਬਲਾਕ ਕਰੀ ਬੈਠੇ ਵੱਡੇ ਟਰੱਕਾਂ ਨੂੰ ਹਟਾਉਣ ਤੋਂ ਉਨ੍ਹਾਂ ਟੋਅ ਟਰੱਕ ਕੰਪਨੀਆਂ ਨੇ ਇਨਕਾਰ ਕਰ ਦਿੱਤਾ ਹੈ ਜਿਨ੍ਹਾਂ ਦਾ ਸਿਟੀ ਨਾਲ ਕਾਂਟਰੈਕਟ ਸੀ। ਇਹ ਜਾਣਕਾਰੀ ਓਟਵਾ ਸਿਟੀ ਦੇ ਮੈਨੇਜਰ ਨੇ ਦਿੱਤੀ।

ਸਟੀਵ ਕੈਨੇਲਾਕੌਸ ਨੇ ਆਖਿਆ ਕਿ ਇਨ੍ਹਾਂ ਕੰਪਨੀਆਂ ਵੱਲੋਂ ਅਜਿਹਾ ਫੈਸਲਾ ਇਸ ਲਈ ਵੀ ਕੀਤਾ ਗਿਆ ਮੰਨਿਆ ਜਾ ਰਿਹਾ ਹੈ ਕਿਉਂਕਿ ਇਨ੍ਹਾਂ ਦਾ ਬਹੁਤਾ ਕਾਰੋਬਾਰ ਇਸ ਹੈਵੀ ਟਰੱਕ ਇੰਡਸਟਰੀ ਦੇ ਸਿਰ ਉੱਤੇ ਹੀ ਚੱਲਦਾ ਹੈ ਤੇ ਇਸੇ ਲਈ ਉਹ ਇਹ ਕਦਮ ਚੁੱਕ ਕੇ ਆਪਣੇ ਢਿੱਡ ਉੱਤੇ ਲੱਤ ਨਹੀਂ ਮਾਰਨੀ ਚਾਹੁੰਦੀਆਂ। ਉਨ੍ਹਾਂ ਆਖਿਆ ਕਿ ਅਜਿਹੇ ਕਸੂਤੇ ਹਾਲਾਤ ਵਿੱਚ ਇਨ੍ਹਾਂ ਕੰਪਨੀਆਂ ਨਾਲ ਕੀਤੇ ਕਾਂਟਰੈਕਟਸ ਦਾ ਸਿਟੀ ਵੱਲੋਂ ਮੁਲਾਂਕਣ ਕੀਤਾ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਵੈਕਸੀਨ ਲਾਜ਼ਮੀ ਕੀਤੇ ਜਾਣ ਸਬੰਧੀ ਨਿਯਮ ਦਾ 28 ਜਨਵਰੀ ਤੋਂ ਇਨ੍ਹਾਂ ਟਰੱਕਰਜ਼ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ। ਉਦੋਂ ਤੋਂ ਹੀ ਟਰੱਕ ਸਿਟੀ ਦੀਆਂ ਸੜਕਾਂ ਘੇਰੀ ਬੈਠੇ ਹਨ ਤੇ ਦਿਨ ਰਾਤ ਇਨ੍ਹਾਂ ਟਰੱਕਾਂ ਵੱਲੋਂ ਹੌਰਨ ਵਜਾਏ ਜਾ ਰਹੇ ਹਨ। ਇਸ ਦੌਰਾਨ ਓਟਵਾ ਦੇ ਮੇਅਰ ਵੱਲੋਂ ਓਨਟਾਰੀਓ ਦੀਆਂ ਹੋਰਨਾਂ ਸਿਟੀਜ਼ ਤੋਂ ਵੀ ਮਦਦ ਮੰਗੀ ਜਾ ਰਹੀ ਹੈ। ਕੈਨੇਲਾਕੌਸ ਨੇ ਆਖਿਆ ਕਿ ਇਹ ਟੋਅ ਕੰਪਨੀਆਂ ਓਟਵਾ ਸਿਟੀ ਲਈ ਹੋਰ ਕੰਮ ਕਰ ਰਹੀਆਂ ਹਨ ਤੇ ਰੋਜ਼ਾਨਾਂ ਟੋਅ ਕੀਤੀਆਂ ਜਾਣ ਵਾਲੀਆਂ ਗੱਡੀਆਂ ਨੂੰ ਟੋਅ ਵੀ ਕੀਤਾ ਜਾ ਰਿਹਾ ਹੈ।

ਇਸ ਦੌਰਾਨ ਓਟਵਾ ਦੇ ਡਿਪਟੀ ਪੁਲਿਸ ਚੀਫ ਨੇ ਮੰਗਲਵਾਰ ਨੂੰ ਆਖਿਆ ਕਿ ਸਿਟੀ ਦੇ ਡਾਊਨਟਾਊਨ ਵਿੱਚ ਖੜ੍ਹੇ ਇਨ੍ਹਾਂ 418 ਟਰੱਕਾਂ ਵਿੱਚ ਬੱਚੇ ਵੀ ਮੌਜੂਦ ਹਨ। ਸਟੀਵ ਬੈੱਲ ਨੇ ਆਖਿਆ ਕਿ ਬੱਚਿਆਂ ਨੂੰ ਹਟਾਉਣ ਦਾ ਉਨ੍ਹਾਂ ਦਾ ਕੋਈ ਇਰਾਦਾ ਨਹੀਂ ਹੈ। ਪਰ ਉਨ੍ਹਾਂ ਆਖਿਆ ਕਿ ਠੰਢ ਤੇ ਖਰਾਬ ਮੌਸਮ ਦੇ ਬੱਚਿਆਂ ਉੱਤੇ ਪੈਣ ਵਾਲੇ ਅਸਰ ਨੂੰ ਲੈ ਕੇ ਉਹ ਪਰੇਸ਼ਾਨ ਹਨ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਇਨ੍ਹਾਂ ਮੁਜ਼ਾਹਰਿਆਂ ਦੇ ਸਬੰਧ ਵਿੱਚ 22 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਤੇ 1300 ਟਿਕਟਾਂ ਵੀ ਜਾਰੀ ਕੀਤੀਆਂ ਗਈਆਂ ਹਨ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

ukttc
UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Forklift Training
Forklift $79 Recertification
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਅਗਲੇ ਕੰਜ਼ਰਵੇਟਿਵ ਪਾਰਟੀ ਆਗੂ ਲਈ ਖੜ੍ਹੇ ਹੋਣ ਦੀ ਪੌਲੀਏਵਰ ਨੇ ਪ੍ਰਗਟਾਈ ਮੰਸ਼ਾ

ਓਟਵਾ, 10 ਫਰਵਰੀ (ਪੋਸਟ ਬਿਊਰੋ) : ਪਿਏਰ ਪੌਲੀਏਵਰ ਨੇ ਐਲਾਨ ਕਰ ਦਿੱਤਾ ਹੈ ਕਿ ਉਹ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਲੜਨਗੇ ਤੇ ਇਸ ਤਰ੍ਹਾਂ ਉਨ੍ਹਾਂ ਸਾਫ ਸਾਫ ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿਪ ਵਿੱਚ ਹਿੱਸਾ ਲੈਣ ਦੀ ਆਪਣੀ ਮੰਸ਼ਾਂ ਵੀ ਜ਼ਾਹਿਰ ਕਰ ਦਿੱਤੀ ਹੈ।



ਸ਼ਨਿੱਚਰਵਾਰ ਰਾਤ ਨੂੰ ਟਵਿੱਟਰ ਉੱਤੇ ਤਿੰਨ ਮਿੰਟ ਦੀ ਪੋਸਟ ਕੀਤੀ ਗਈ ਵੀਡੀਓ ਵਿੱਚ ਕਾਲਟਨ ਤੋਂ ਐਮਪੀ ਤੇ ਕੰਜ਼ਰਵੇਟਿਵ ਪਾਰਟੀ ਦੇ ਫਾਇਨਾਂਸ ਕ੍ਰਿਟਿਕ ਪੌਲੀਏਵਰ ਨੇ ਆਖਿਆ ਕਿ ਇਸ ਸਮੇਂ ਫੈਡਰਲ ਸਰਕਾਰ ਧੱਕੇਸ਼ਾਹੀ ਉੱਤੇ ਉਤਰ ਆਈ ਹੈ ਤੇ ਉਨ੍ਹਾਂ ਦੀ ਆਪਣੀ ਕੈਂਪੇਨ ਮਹਿੰਗਾਈ ਤੇ ਵੱਡੀ ਸਰਕਾਰ ਦੇ ਡਰ ਤੋਂ ਆਜ਼ਾਦੀ ਉੱਤੇ ਕੇਂਦਰਿਤ ਹੋਵੇਗੀ। ਪੌਲੀਏਵਰ ਨੇ ਆਖਿਆ ਕਿ ਟਰੂਡੋ ਸਰਕਾਰ ਨਿੱਕੇ ਕਾਰੋਬਾਰਾਂ, ਟਰੱਕਰਜ਼ ਤੇ ਹੋਰਨਾਂ ਮਿਹਨਤਕਸ਼ ਕੈਨੇਡੀਅਨਜ਼ ਉੱਤੇ ਹਮਲਾ ਕਰਨ ਉੱਤੇ ਉਤਾਰੂ ਹੈ। ਉਨ੍ਹਾਂ ਆਖਿਆ ਕਿ ਟਰੂਡੋ ਨੂੰ ਲੱਗਦਾ ਹੈ ਕਿ ਉਹ ਤੁਹਾਡੇ ਬੌਸ ਹਨ। ਪਰ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਤੁਸੀਂ ਹੀ ਅਸਲੀ ਬੌਸ ਹੋਂ।

ਫੈਡਰਲ ਸਰਕਾਰ ਦੀ ਨਿਖੇਧੀ ਕਰਦਿਆਂ ਉਨ੍ਹਾਂ ਨੇ ਸਹਿਜ ਸੁਭਾਅ ਇਹ ਵੀ ਆਖ ਦਿੱਤਾ ਕਿ ਉਹ ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿਪ ਦੌੜ ਵਿੱਚ ਖੜ੍ਹੇ ਹੋ ਰਹੇ ਹਨ। ਐਮਪੀਜ਼ ਵੱਲੋਂ ਐਰਿਨ ਓਟੂਲ ਨੂੰ ਤਿੰਨ ਦਿਨ ਪਹਿਲਾਂ ਕੰਜ਼ਰਵੇਟਿਵ ਆਗੂ ਦੇ ਅਹੁਦੇ ਤੋਂ ਹਟਾਏ ਜਾਣ ਤੋਂ ਬਾਅਦ ਲੀਡਰਸ਼ਿਪ ਦੌੜ ਦਾ ਰਾਹ ਪੱਧਰਾ ਹੋ ਗਿਆ ਹੈ। ਕਿਸੇ ਵੀ ਹੋਰ ਸੰਭਾਵੀ ਉਮੀਦਵਾਰ ਤੋਂ ਪਹਿਲਾਂ ਤੇ ਆਗੂ ਲਈ ਪਾਰਟੀ ਦੀ ਦੌੜ ਸ਼ੁਰੂ ਹੋਣ ਤੋਂ ਪਹਿਲਾਂ ਹੀ ਪੌਲੀਏਵਰ ਨੇ ਇਸ ਲੀਡਰਸ਼ਿਪ ਪਿੜ ਵਿੱਚ ਨਿੱਤਰਣ ਦਾ ਫੈਸਲਾ ਕੀਤਾ ਹੈ। ਅਜੇ ਤੱਕ ਨਾ ਤਾਂ ਪਾਰਟੀ ਵੱਲੋਂ ਇਲੈਕਸ਼ਨ ਕਮੇਟੀ ਕਾਇਮ ਕੀਤੀ ਗਈ ਹੈ ਤੇ ਨਾ ਹੀ ਕੋਈ ਨਿਯਮ ਹੀ ਜਾਰੀ ਕੀਤੇ ਗਏ ਹਨ। ਅਜਿਹੀ ਸਥਿਤੀ ਵਿੱਚ ਉਹ ਫੰਡਰੇਜ਼ਿੰਗ ਨਹੀਂ ਕਰ ਸਕਣਗੇ। ਕਈ ਐਮਪੀਜ਼ ਵੀ ਪੌਲੀਏਵਰ ਨੂੰ ਸਮਰਥਨ ਦੇ ਰਹੇ ਹਨ।

# ਕੋਵਿਡ-19 ਮਾਪਦੰਡਾਂ ਖਿਲਾਫ ਕੈਨੇਡਾ ਭਰ ਵਿੱਚ ਜਾਰੀ ਰਹੇ ਮੁਜ਼ਾਹਰੇ

ਓਟਵਾ, 10 ਫਰਵਰੀ (ਪੋਸਟ ਬਿਊਰੋ) : ਕੋਵਿਡ-19 ਸਬੰਧੀ ਮਾਪਦੰਡਾਂ ਦੇ ਵਿਰੋਧ ਵਿੱਚ ਸ਼ਹਿਰ ਵਿੱਚ ਜਾਰੀ ਮੁਜ਼ਾਹਰਿਆਂ ਦੇ ਸਬੰਧ ਵਿੱਚ ਓਟਵਾ ਪੁਲਿਸ ਵੱਲੋਂ ਮੁਜਰਮਾਨਾਂ ਜਾਂਚ ਕੀਤੀ ਜਾ ਰਹੀ ਹੈ। ਇਹ ਜਾਂਚ ਪੁਲਿਸ ਵੱਲੋਂ 50 ਦੇ ਨੇੜੇ ਤੇੜੇ ਮਾਮਲਿਆਂ ਵਿੱਚ ਕੀਤੀ ਜਾ ਰਹੀ ਹੈ।

ਪੁਲਿਸ ਦਾ ਕਹਿਣਾ ਹੈ ਕਿ ਇਨ੍ਹਾਂ ਮਾਮਲਿਆਂ ਵਿੱਚੋਂ ਵੀ 11 ਮਾਮਲੇ ਹੇਟ ਕ੍ਰਾਈਮ ਦੇ ਹਨ ਤੇ ਚਾਰ ਵਿਅਕਤੀ ਚਾਰਜਿਜ਼ ਦਾ ਸਾਹਮਣਾ ਕਰ ਰਹੇ ਹਨ। ਪਿਛਲੇ ਵੀਕੈਂਡ ਤਥਾ ਕਥਿਤ ਫਰੀਡਮ ਕੌਨਵੌਏ ਦੇਸ਼ ਦੀ ਰਾਜਧਾਨੀ ਵਿੱਚ ਦਾਖਲ ਹੋਇਆ ਤੇ ਇੱਕ ਹਫਤੇ ਦੇ ਅੰਦਰ ਅੰਦਰ ਭਾਵੇਂ ਕੁੱਝ ਲੋਕ ਪਰਤ ਗਏ ਪਰ ਕੱਲ੍ਹ ਇੱਕ ਵਾਰੀ ਮੁੜ ਮੁਜ਼ਾਹਰਾਕਾਰੀਆਂ ਦਾ ਭਾਰੀ ਇੱਕਠ




ਵੇਖਣ ਨੂੰ ਮਿਲਿਆ। ਅਧਿਕਾਰੀਆਂ ਦੇ ਅੰਦਾਜ਼ੇ ਮੁਤਾਬਕ ਮੁਜ਼ਾਹਰਾਕਾਰੀਆਂ ਦੀਆਂ 500 ਭਾਰੀ ਗੱਡੀਆਂ ਸਿਟੀ ਸੈਂਟਰ ਉੱਤੇ ਸਨ।

ਇਸ ਦੌਰਾਨ ਦੇਸ਼ ਭਰ ਦੇ ਕਈ ਸ਼ਹਿਰਾਂ ਵਿੱਚ ਇਸ ਤਰ੍ਹਾਂ ਦੇ ਮੁਜ਼ਾਹਰੇ ਕੀਤੇ ਗਏ। ਟੋਰਾਂਟੋ ਵਿੱਚ ਵੱਡੇ ਟਰੱਕਾਂ ਤੇ ਟਰੈਕਟਰਜ਼ ਨੇ ਕਈ ਲਾਂਘਿਆਂ ਉੱਤੇ ਮੁਜ਼ਾਹਰਾ ਕੀਤਾ। ਇਸ ਮੌਕੇ ਓਨਟਾਰੀਓ ਦੀ ਵਿਧਾਨਸਭਾ ਨੇੜੇ ਸਮੋਕ ਬੰਬ ਫੋੜਨ ਵਾਲੇ 22 ਸਾਲਾ ਵਿਅਕਤੀ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ।

# ਫਰੀਡਮ ਕੌਨਵੌਏ ਨੂੰ ਆਰਥਿਕ ਮਦਦ ਕਰਨ ਵਿੱਚ ਗੜਬੜ ਸਾਹਮਣੇ ਆਉਣ ਉੱਤੇ ਕਾਰਵਾਈ ਕਰੇਗੀ ਫੈਡਰਲ ਸਰਕਾਰ : ਮੈਂਡੀਸਿਨੋ

ਓਟਵਾ, 10 ਫਰਵਰੀ (ਪੋਸਟ ਬਿਊਰੋ) : ਪਬਲਿਕ ਸੇਫਟੀ ਮੰਤਰੀ ਮਾਰਕੋ ਮੈਂਡੀਸਿਨੋ ਨੇ ਆਖਿਆ ਕਿ ਫਰੀਡਮ ਕੌਨਵੌਏ ਨੂੰ ਆਰਥਿਕ ਮਦਦ ਕਰਨ ਵਿੱਚ ਹੋਈ ਕਿਸੇ ਵੀ ਕਿਸਮ ਦੀ ਗੜਬੜ ਜੇ ਸਾਹਮਣੇ ਆਉਂਦੀ ਹੈ ਤਾਂ ਫੈਡਰਲ ਸਰਕਾਰ ਉਸ ਸਬੰਧ ਵਿੱਚ ਕਾਰਵਾਈ ਕਰੇਗੀ।



ਮੈਂਡੀਸਿਨੋ ਵੱਲੋਂ ਇਹ ਟਿੱਪਣੀਆਂ ਉਸ ਸਮੇਂ ਕੀਤੀਆਂ ਗਈਆਂ ਜਦੋਂ ਇਨ੍ਹਾਂ ਕਿਆਫਿਆਂ ਨੇ ਜ਼ੋਰ ਫੜ੍ਹਿਆ ਕਿ ਕੌਨਵੌਏ ਨੂੰ ਅਮਰੀਕਾ ਦੇ ਕ੍ਰਾਊਡਫੰਡਿੰਗ ਪਲੇਟਫਾਰਮ ਗੋ ਫੰਡ ਮੀਂ ਰਾਹੀਂ ਫੰਡ ਮੁਹੱਈਆ ਕਰਵਾਏ ਜਾ ਰਹੇ ਹਨ। ਇਹ ਵੀ ਪਤਾ ਲੱਗਿਆ ਸੀ ਕਿ ਇਸ ਪਲੇਟਫਾਰਮ ਰਾਹੀਂ ਟਰੱਕਰਜ਼ ਦੇ ਇਸ ਮੁਜ਼ਾਹਰੇ ਨੂੰ ਚੱਲਦਾ ਰੱਖਣ ਲਈ 10 ਮਿਲੀਅਨ ਡਾਲਰ ਇੱਕਠਾ ਕੀਤਾ ਗਿਆ ਹੈ। ਪਿਛਲੇ ਹਫਤੇ ਇਸ ਪਲੇਟਫਾਰਮ ਉੱਤੇ ਇਹ ਦੋਸ਼ ਲੱਗੇ ਸਨ ਕਿ ਇਸ ਵੱਲੋਂ ਨਿਯਮਾਂ ਤੇ ਸ਼ਰਤਾਂ ਦੀ ਉਲੰਘਣਾ ਕੀਤੀ ਗਈ ਹੈ ਤਾਂ ਉਸ ਤੋਂ ਬਾਅਦ ਗਰੁੱਪ ਦੇ ਫੰਡਰੇਜ਼ਿੰਗ ਪੇਜ ਨੂੰ ਹਟਾ ਦਿੱਤਾ ਗਿਆ ਸੀ।

ਗੋ ਫੰਡ ਮੀਂ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਸੀ ਕਿ ਸਾਨੂੰ ਇਨ੍ਹਾਂ ਗੱਲਾਂ ਦਾ ਸਬੂਤ ਮਿਲਿਆ ਹੈ ਕਿ ਪਹਿਲਾਂ ਸ਼ਾਂਤਮਈ ਢੰਗ ਨਾਲ ਕੀਤਾ ਜਾ ਰਿਹਾ ਇਹ ਮੁਜ਼ਾਹਰਾ ਹੁਣ ਹਿੰਸਕ ਹੋ ਗਿਆ ਹੈ ਤੇ ਇਸ ਦੌਰਾਨ ਹੋਰ ਗੈਰਕਾਨੂੰਨੀ ਗਤੀਵਿਧੀਆਂ ਨੂੰ ਵੀ ਅੰਜਾਮ ਦਿੱਤਾ ਜਾ ਰਿਹਾ ਹੈ। ਇਸ ਪਲੇਟਫਾਰਮ ਵੱਲੋਂ ਇੱਕ ਮਿਲੀਅਨ ਡਾਲਰ ਮੁਜ਼ਾਹਰਿਆਂ ਦੇ ਆਰਗੇਨਾਈਜ਼ਰਜ਼ ਨੂੰ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਹਨ। ਬਾਕੀ ਦੀ ਰਕਮ ਡੋਨਰਜ਼ ਨੂੰ ਸਿੱਧੇ ਤੌਰ ਉੱਤੇ ਵਾਪਿਸ ਕੀਤੀ ਜਾਵੇਗੀ। ਹਾਲਾਂਕਿ ਡੋਨਰਜ਼ ਦੀ ਜਾਣਕਾਰੀ ਗੁਪਤ ਰੱਖੀ ਜਾਂਦੀ ਹੈ ਪਰ ਪਿਛਲੇ ਹਫਤੇ ਇੱਕ ਕਾਨਫਰੰਸ ਦੌਰਾਨ ਓਟਵਾ ਦੇ ਪੁਲਿਸ ਚੀਫ ਪੀਟਰ ਸਲੋਲੀ ਨੇ ਆਖਿਆ ਸੀ ਕਿ ਇਸ ਵਿੱਚ ਅਮਰੀਕੀ ਲਿੰਕ ਹੋ ਸਕਦੇ ਹਨ।

ਹਾਊਸ ਆਫ ਕਾਮਨਜ਼ ਦੀ ਪਬਲਿਕ ਸੇਫਟੀ ਤੇ ਨੈਸ਼ਨਲ ਸਕਿਊਰਿਟੀ ਕਮੇਟੀ ਵਿੱਚ ਮੌਜੂਦ ਐਮਪੀਜ਼ ਵੱਲੋਂ ਗੋ ਫੰਡ ਮੀਂ ਵੱਲੋਂ ਇੱਕਠੇ ਕੀਤੀ ਗਏ ਫੰਡਾਂ ਬਾਰੇ ਸਫਾਈ ਦੇਣ ਲਈ ਕਮੇਟੀ ਸਾਹਮਣੇ ਪੇਸ਼ ਹੋਣ ਦੀ ਮੰਗ ਵੀ ਕੀਤੀ ਗਈ ਸੀ। ਮੈਂਡੀਸਿਨੋ ਨੇ ਸਪਸ਼ਟ ਕੀਤਾ ਕਿ ਜੇ ਇਨ੍ਹਾਂ ਫੰਡਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਗੜਬੜ ਪਾਈ ਜਾਂਦੀ ਹੈ ਤਾਂ ਫੈਡਰਲ ਸਰਕਾਰ ਉਸ ਸਬੰਧ ਵਿੱਚ ਕਾਰਵਾਈ ਜ਼ਰੂਰ ਕਰੇਗੀ।

# ਹਿੱਟ ਐਂਡ ਰੰਨ ਵਿੱਚ ਮਹਿਲਾ ਜ਼ਖ਼ਮੀ, ਪੁਲਿਸ ਕਰ ਰਹੀ ਹੈ 2 ਮਸ਼ਕੂਕਾਂ ਦੀ ਭਾਲ

ਮਿਸੀਸਾਗਾ, 10 ਫਰਵਰੀ (ਪੋਸਟ ਬਿਊਰੋ) : ਐਤਵਾਰ ਦੁਪਹਿਰ ਨੂੰ ਮਿਸੀਸਾਗਾ ਵਿੱਚ ਵਾਪਰੀ ਹਿੱਟ ਐਂਡ ਰੰਨ ਦੀ ਘਟਨਾ ਦੇ ਸਬੰਧ ਵਿੱਚ ਪੀਲ ਪੁਲਿਸ ਦੋ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ।



ਪੁਲਿਸ ਨੇ ਦੱਸਿਆ ਕਿ ਦੁਪਹਿਰ 2:00 ਵਜੇ ਤੋਂ ਪਹਿਲਾਂ ਪਾਈਨਟਰੀ ਕ੍ਰੀਸੈਂਟ ਤੇ ਸਟੇਵਬੈਂਕ ਰੋਡ ਇਲਾਕੇ ਵਿੱਚ ਇੱਕ ਗੱਡੀ ਵੱਲੋਂ ਇੱਕ ਮਹਿਲਾ ਨੂੰ ਟੱਕਰ ਮਾਰੀ ਗਈ। ਮਹਿਲਾਂ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਜਿਸ ਗੱਡੀ ਵੱਲੋਂ ਮਹਿਲਾ ਨੂੰ ਟੱਕਰ ਮਾਰੀ ਗਈ ਉਹ ਹਾਦਸੇ ਤੋਂ ਬਾਅਦ ਮੌਕੇ ਉੱਤੇ ਨਹੀਂ ਰੁਕੀ ਪਰ ਥੋੜ੍ਹੀ ਦੇਰ ਬਾਅਦ ਕਾਰ ਤਾਂ ਲੱਭ ਗਈ ਪਰ ਕਾਰ ਸਵਾਰ ਗੱਡੀ ਨੂੰ ਛੱਡ ਕੇ ਫਰਾਰ ਹੋ ਗਏ।

ਉਨ੍ਹਾਂ ਦੇ ਪੁਲਿਸ ਵੱਲੋਂ ਜਾਰੀ ਕੀਤੇ ਗਏ ਵੇਰਵੇ ਅਨੁਸਾਰ ਉਹ ਦੋ ਵਿਅਕਤੀ ਸਨ ਤੇ ਦੋਵੇਂ ਆਪਣੇ 20ਵਿਆਂ ਵਿੱਚ ਸਨ ਤੇ ਉਨ੍ਹਾਂ ਵਿੱਚੋਂ ਇੱਕ ਨੇ ਕਾਲੇ ਰੰਗ ਦੀ ਜੈਕੇਟ ਤੇ ਸਿਆਹ ਰੰਗ ਦੀ ਪੈਂਟ ਪਾਈ ਹੋਈ ਸੀ ਤੇ ਮਹਿਲਾ ਨੇ ਫਰ ਵਾਲੀ ਕਾਲੀ ਜੈਕੇਟ ਤੇ ਕਾਲੀ ਪੈਂਟ ਪਾਈ ਹੋਈ ਸੀ।

# ਨਫਰਤ ਫੈਲਾਉਣ ਵਾਲੇ ਸਿੰਬਲਜ਼ ਉੱਤੇ ਪਾਬੰਦੀ ਲਾਉਣ ਲਈ ਐਨਡੀਪੀ ਨੇ ਪੇਸ਼ ਕੀਤਾ ਬਿੱਲ

ਓਟਵਾ, 10 ਫਰਵਰੀ (ਪੋਸਟ ਬਿਊਰੋ) : ਫੈਡਰਲ ਐਨਡੀਪੀ ਵੱਲੋਂ ਕੈਨੇਡਾ ਸਰਕਾਰ ਤੋਂ ਤਿੰਨ ਹੇਟ ਸਿੰਬਲਜ਼ ਦੇ ਪ੍ਰਦਰਸ਼ਨ ਉੱਤੇ ਰੋਕ ਲਾਉਣ ਦੀ ਮੰਗ ਕੀਤੀ ਜਾ ਰਹੀ ਹੈ। ਐਨਡੀਪੀ ਆਗੂ ਜਗਮੀਤ ਸਿੰਘ ਦਾ ਕਹਿਣਾ ਹੈ ਕਿ ਇਨ੍ਹਾਂ ਸਿੰਬਲਜ਼ ਦੀ ਵਰਤੋਂ ਅੰਦੋਲਨਾਂ ਨੂੰ ਜੁਟਾਉਣ ਲਈ ਕੀਤੀ ਜਾਂਦੀ ਹੈ।



ਪਿਛਲੇ ਹਫਤੇ ਐਨਡੀਪੀ ਐਮਪੀ ਪੀਟਰ ਜੂਲੀਅਨ ਵੱਲੋਂ ਪੇਸ਼ ਕੀਤੇ ਗਏ ਬਿੱਲ ਸੀ-229 ਤਹਿਤ ਨਾਜ਼ੀ ਸਵਾ-ਸਤਿਕ, ਕੂ ਕਲਕਸ ਕਲੈਨ ਦੇ ਇਨਸਿਗਨੀਆਂ ਤੇ ਸੰਘੀ ਝੰਡੇ ਵਰਗੇ ਸਿੰਬਲਜ਼ ਜਾਂ ਐਂਬਲੈਮਜ਼ ਦਾ ਪ੍ਰਦਰਸ਼ਨ ਕਰਨ ਜਾਂ ਇਨ੍ਹਾਂ ਨੂੰ ਵੇਚਣ ਉੱਤੇ ਪਾਬੰਦੀ ਲਾਉਣ ਦੀ ਗੱਲ ਕੀਤੀ ਗਈ ਹੈ। ਐਤਵਾਰ ਨੂੰ ਇੱਕ ਇੰਟਰਵਿਊ ਦੌਰਾਨ ਉਨ੍ਹਾਂ ਆਖਿਆ ਕਿ ਸੱਭ ਜਾਣਦੇ ਹਨ ਕਿ ਇਹ ਸੱਭ ਕਿਸ ਲਈ ਕੰਮ ਆਉਂਦੇ ਹਨ ਤੇ ਇਹ ਸਪਸ਼ਟ ਹੈ ਕਿ ਇਨ੍ਹਾਂ ਲਈ ਕੈਨੇਡਾ ਵਿੱਚ ਕੋਈ ਥਾਂ ਨਹੀਂ। ਉਨ੍ਹਾਂ ਆਖਿਆ ਕਿ ਨਫਰਤ ਨੂੰ ਉਕਸਾਇਆ ਜਾਂਦਾ ਹੈ ਤੇ ਨਫਰਤ ਅੱਗ ਵਾਂਗ ਹੁੰਦੀ ਹੈ। ਇੱਕ ਵਾਰੀ ਇਸ ਦੀ ਪਕੜ ਬਣ ਜਾਵੇ ਤਾਂ ਇਹ ਬਹੁਤ ਤੇਜ਼ੀ ਨਾਲ ਫੈਲਦੀ ਹੈ ਤੇ ਇਸ ਵਿੱਚ ਸੱਭ ਕੁੱਝ ਗਰਕ ਹੋ ਜਾਂਦਾ ਹੈ। ਉਨ੍ਹਾਂ ਆਖਿਆ ਕਿ ਕੈਨੇਡਾ ਵਿੱਚ ਹੇਟ ਸਿੰਬਲਜ਼ ਹੁਣ ਤੇਜ਼ੀ ਨਾਲ ਜਨਤਕ ਥਾਂਵਾਂ ਉੱਤੇ ਨਜ਼ਰ ਆਉਣ ਲੱਗੇ ਹਨ। ਪਿੱਛੇ ਜਿਹੇ ਇਹ ਓਟਵਾ ਵਿੱਚ ਟਰੱਕਰਜ਼ ਕੌਨਵੌਏ ਦੌਰਾਨ ਵੇਖਣ ਨੂੰ ਮਿਲੇ।

ਜੇ ਇਹ ਬਿੱਲ ਪਾਸ ਹੋ ਜਾਂਦਾ ਹੈ ਤਾਂ ਇਸ ਕਾਨੂੰਨ ਦੀ ਉਲੰਘਣਾਂ ਕਰਨ ਵਾਲੇ ਵਿਅਕਤੀ ਨੂੰ ਘੱਟ ਤੋਂ ਘੱਟ ਦੋ ਸਾਲ ਦੀ ਸਜ਼ਾ ਹੋ ਸਕਦੀ ਹੈ। ਇਸ ਤਹਿਤ ਕ੍ਰਿਮੀਨਲ ਕੋਡ ਦੀ ਧਾਰਾ 319, ਜਿਸ ਤਹਿਤ ਪਹਿਲਾਂ ਹੀ ਨਫਰਤ ਦੇ ਜਨਤਕ ਮੁਜ਼ਾਹਰੇ ਤੇ ਨਫਰਤ ਦੇ ਪ੍ਰਚਾਰ ਉੱਤੇ ਪਾਬੰਦੀ ਹੈ, ਵਿੱਚ ਸੋਧ ਕੀਤੀ ਜਾਵੇਗੀ। ਇਸੇ ਇੰਟਰਵਿਊ ਵਿੱਚ ਜਗਮੀਤ ਸਿੰਘ ਨੇ ਆਖਿਆ ਕਿ ਕੰਜ਼ਰਵੇਟਿਵਜ਼ ਤੇ ਲਿਬਰਲ ਦੋਵੇਂ ਹੀ ਟਰੱਕਰਜ਼ ਦੇ ਇਸ ਕਾਫਲੇ ਦੇ ਤਣਾਅ ਤੋਂ ਸਿਆਸੀ ਰੋਟੀਆਂ ਸੇਕ ਰਹੇ ਹਨ।

# ਲਾਇਸੰਸ ਪਲੇਟ ਸਟਿੱਕਰਜ਼ ਨੂੰ ਖ਼ਤਮ ਕਰਨ ਬਾਰੇ ਵਿਚਾਰ ਕਰ ਰਹੀ ਹੈ ਫੋਰਡ ਸਰਕਾਰ

ਓਨਟਾਰੀਓ, 10 ਫਰਵਰੀ (ਪੋਸਟ ਬਿਊਰੋ) : ਓਨਟਾਰੀਓ ਦੀਆਂ ਗੱਡੀਆਂ ਲਈ ਲਾਇਸੰਸ ਪਲੇਟ ਸਟਿੱਕਰਜ਼ ਨੂੰ ਖ਼ਤਮ ਕਰਨ ਬਾਰੇ ਫੋਰਡ ਸਰਕਾਰ ਵੱਲੋਂ ਵਿਚਾਰ ਕੀਤਾ ਜਾ ਰਿਹਾ ਹੈ।




ਹਾਲਾਂਕਿ ਇਹ ਪਲੈਨ ਫਾਈਨਲ ਨਹੀਂ ਕੀਤਾ ਗਿਆ ਪਰ ਇਸ ਨਾਲ ਮੋਟਰਿਸਟਸ ਨੂੰ ਸਾਲਾਨਾ 120 ਡਾਲਰ ਦੀ ਬਚਤ ਹੋਵੇਗੀ। ਜਾਣਕਾਰ ਸੂਤਰਾਂ ਅਨੁਸਾਰ ਲਾਇਸੰਸ ਪਲੇਟ ਸਟਿੱਕਰ ਪੈਸੈਂਜਰ ਵ੍ਹੀਕਲਜ਼, ਹਲਕੇ ਕਮਰਸ਼ੀਅਲ ਵ੍ਹੀਕਲਜ਼-ਜਿਨ੍ਹਾਂ ਵਿੱਚ ਪਿੱਕ ਅੱਪ ਟਰੱਕਜ਼ ਤੇ ਮੋਟਰਸਾਈਕਲ ਸ਼ਾਮਲ ਹਨ, ਤੋਂ ਹਟਾਏ ਜਾ ਸਕਦੇ ਹਨ। ਸੂਤਰਾਂ ਨੇ ਆਖਿਆ ਕਿ ਲਾਇਸੰਸ ਪਲੇਟ ਸਟਿੱਕਰਜ਼ ਹਟਾਏ ਜਾਣ ਨਾਲ ਸਰਕਾਰ ਦੀ ਆਮਦਨ ਵਿੱਚ ਹਰ ਸਾਲ ਇੱਕ ਬਿਲੀਅਨ ਡਾਲਰ ਦੀ ਕਟੌਤੀ ਹੋਵੇਗੀ। ਸੂਤਰਾਂ ਨੇ ਇਹ ਵੀ ਦੱਸਿਆ ਕਿ ਇਸ ਸਬੰਧ ਵਿੱਚ ਐਲਾਨ ਆਉਣ ਵਾਲੇ ਦਿਨਾਂ ਵਿੱਚ ਕੀਤਾ ਜਾਵੇਗਾ। ਇਹ ਵੀ ਪਤਾ ਲੱਗਿਆ ਹੈ ਕਿ ਜਿਨ੍ਹਾਂ ਓਨਟਾਰੀਓ ਵਾਸੀਆਂ ਨੇ ਆਪਣੇ ਲਾਇਸੰਸ ਪਲੇਟ ਸਟਿੱਕਰ ਨੰਵਿਆਏ ਸਨ ਉਨ੍ਹਾਂ ਨੂੰ ਸਰਕਾਰ ਰੀਫੰਡ ਵੀ ਦੇਵੇਗੀ। ਪਰ ਇਸ ਰੀਫੰਡ ਨੂੰ ਹਾਸਲ ਕਰਨ ਵਾਲਿਆਂ ਦੀ ਲਿਸਟ ਫਾਈਨਲ ਨਹੀਂ ਕੀਤੀ ਗਈ ਹੈ। ਮੌਜੂਦਾ ਨਿਯਮ ਮੁਤਾਬਕ ਓਨਟਾਰੀਓ ਦੇ ਡਰਾਈਵਰਾਂ ਨੂੰ 28 ਫਰਵਰੀ ਤੋਂ ਪਹਿਲਾਂ ਆਪਣੇ ਐਕਸਪਾਇਰ ਹੋ ਚੁੱਕੇ ਲਾਇਸੰਸ ਪਲੇਟ ਸਟਿੱਕਰਜ਼ ਨੂੰ ਰਨਿਊ ਕਰਵਾਉਣਾ ਜ਼ਰੂਰੀ ਹੈ।

# ਆਪਣੀ ਹੀ ਸਰਕਾਰ ਦੀਆਂ ਮਹਾਂਮਾਰੀ ਸਬੰਧੀ ਨੀਤੀਆਂ ਦੀ ਲਿਬਰਲ ਐਮਪੀ ਨੇ ਕੀਤੀ ਨਿਖੇਧੀ

ਓਟਵਾ, 10 ਫਰਵਰੀ (ਪੋਸਟ ਬਿਊਰੋ) : ਲਿਬਰਲ ਐਮਪੀ ਨੇ ਚੁੱਪੀ ਤੋੜਦਿਆਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਪ੍ਰੋਵਿੰਸ਼ੀਅਲ ਸਰਕਾਰ ਦੀਆਂ ਮਹਾਂਮਾਰੀ ਸਬੰਧੀ ਨੀਤੀਆਂ ਖਿਲਾਫ ਆਵਾਜ਼ ਉਠਾਉਣ ਦੇ ਨਾਲ ਨਾਲ ਟਰੱਕਰ ਕੌਨਵੌਏ ਵੱਲੋਂ ਜਾਰੀ ਮੁਜ਼ਾਹਰੇ ਨਾਲ ਗਲਤ ਢੰਗ ਨਾਲ ਨਜਿੱਠਣ ਲਈ ਸਿਆਸਤਦਾਨਾਂ ਵੱਲੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦੀ ਨਿਖੇਧੀ ਵੀ ਕੀਤੀ।



ਲੁਈ ਹਬਰਟ, ਕਿਊਬਿਕ ਤੋਂ ਐਮਪੀ ਜੋਇਲ ਲਾਈਟਬਾਊਂਡ ਨੇ ਪਾਰਲੀਆਮੈਂਟ ਹਿੱਲ ਉੱਤੇ ਪ੍ਰੈੱਸ ਕਾਨਫਰੰਸ ਕੀਤੀ ਜਿੱਥੇ ਉਨ੍ਹਾਂ ਆਖਿਆ ਕਿ ਕੋਵਿਡ-19 ਨੀਤੀਆਂ ਖਿਲਾਫ ਰੋਸ ਜ਼ਾਹਿਰ ਕਰਨ ਵਾਲਿਆਂ ਦੀ ਚਿੰਤਾ ਜਾਇਜ਼ ਹੈ ਤੇ ਉਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਲਾਈਟਬਾਊਂਡ ਨੇ ਆਖਿਆ ਕਿ ਵੈਕਸੀਨੇਸ਼ਨ ਨਾ ਕਰਵਾਉਣ ਵਾਲੇ ਕੈਨੇਡੀਅਨਜ਼ ਦੀ ਮਾਨਸਿਕ ਸਿਹਤ ਉੱਤੇ ਜੋ ਅਸਰ ਪੈ ਰਿਹਾ ਹੈ, ਜਿਸ ਤਰ੍ਹਾਂ ਪਰਿਵਾਰ ਵੰਡੇ ਜਾ ਰਹੇ ਹਨ ਤੇ ਜਿਸ ਤਰ੍ਹਾਂ ਲੋਕਾਂ ਦੀਆਂ ਨੌਕਰੀਆਂ ਖੁੱਸ ਰਹੀਆਂ ਹਨ ਉਸ ਤੋਂ ਸਿਆ-ਸਤਦਾਨ ਬੇਪਰਵਾਹ ਹਨ।

ਉਨ੍ਹਾਂ ਆਖਿਆ ਕਿ ਪਿਛਲੇ ਕੁੱਝ ਹਫਤਿਆਂ ਵਿੱਚ ਉਨ੍ਹਾਂ ਦੇ ਹਲਕੇ ਦੇ ਸੈਂਕੜੇ ਲੋਕਾਂ ਵੱਲੋਂ ਉਨ੍ਹਾਂ ਤੱਕ ਪਹੁੰਚ ਕਰਕੇ ਆਪਣੀ ਤਕਲੀਫ ਉਨ੍ਹਾਂ ਨਾਲ ਸਾਂਝੀ ਕੀਤੀ ਗਈ। ਇਨ੍ਹਾਂ ਲੋਕਾਂ ਦਾ ਤਾਜ਼ਾ ਮੁਜ਼ਾਹਰਿਆਂ ਨਾਲ ਕੋਈ ਲੈਣਾ ਦੇਣਾ ਨਹੀਂ ਸੀ, ਉਨ੍ਹਾਂ ਨੇ ਬਹੁਤੀ ਹੱਦ ਤੱਕ ਵੈਕਸੀਨੇਸ਼ਨ ਵੀ ਕਰਵਾਈ ਹੋਈ ਸੀ। ਪਿਛਲੇ ਦੋ ਸਾਲਾਂ ਵਿੱਚ ਜੋ ਕੁੱਝ ਵੀ ਸਰਕਾਰ ਵੱਲੋਂ ਆਖਿਆ ਗਿਆ ਉਨ੍ਹਾਂ ਵੱਲੋਂ ਕੀਤਾ ਗਿਆ।

ਉਨ੍ਹਾਂ ਆਖਿਆ ਕਿ ਸਿਆਸੀ ਆਗੂ ਕੈਨੇਡੀਅਨਜ਼ ਨੂੰ ਪਬਲਿਕ ਹੈਲਥ ਮਾਪਦੰਡਾਂ ਨੂੰ ਜਾਰੀ ਰੱਖਣ ਦਾ ਕਾਰਨ ਸਮਝਾਉਣ ਵਿੱਚ ਅਸਫਲ ਰਹੇ ਹਨ, ਕਰੌਸ ਬਾਰਡਰ ਟਰੱਕਰਜ਼ ਲਈ ਲਾਜ਼ਮੀ ਕੀਤੀ ਗਈ ਵੈਕਸੀਨ ਇਸ ਦੀ ਤਾਜ਼ਾ ਮਿਸਾਲ ਹੈ। ਲਾਈਟਬਾਊਂਡ ਨੇ ਆਖਿਆ ਕਿ ਪਿਛਲੀਆਂ ਫੈਡਰਲ ਚੋਣਾਂ ਦੌਰਾਨ ਵੈਕਸੀਨਜ਼ ਸਬੰਧੀ ਨਿਯਮਾਂ ਦੇ ਸਿਆਸੀਕਰਨ ਤੋਂ ਉਹ ਸਹਿਜ ਨਹੀਂ ਹੋ ਪਾਏ ਪਰ ਓਮਾਈਕ੍ਰੌਨ ਵੇਰੀਐਂਟ ਦੀ ਸ਼ੁਰੂਆਤ ਨਾਲ ਉਨ੍ਹਾਂ ਦੇ ਅੰਦਰ ਬੇਚੈਨੀ ਪੈਦਾ ਹੋਣ ਲੱਗੀ ਤੇ ਉਨ੍ਹਾਂ ਆਪਣੀ ਇਸ ਬੇਚੈਨੀ ਨੂੰ ਜਨਤਕ ਤੌਰ ਉੱਤੇ ਸਾਂਝਾ ਕਰਨ ਦਾ ਫੈਸਲਾ ਕੀਤਾ ਹੈ।

ਇਸ ਉੱਤੇ ਟਰੂਡੋ ਨੇ ਆਖਿਆ ਕਿ ਹਰ ਕੋਈ ਪਾਬੰਦੀਆਂ ਤੋਂ ਅੱਕ ਚੁੱਕਿਆ ਹੈ ਪਰ ਉਨ੍ਹਾਂ ਦੀ ਸਰਕਾਰ ਪਬਲਿਕ ਹੈਲਥ ਗਾਇਡੈਂਸ ਦੀ ਪਾਲਣਾ ਕਰਨਾ ਜਾਰੀ ਰੱਖੇਗੀ। ਇਸ ਦੌਰਾਨ ਮੰਗਲਵਾਰ ਦੁਪਹਿਰ ਨੂੰ ਲਾਈਟਬਾਊਂਡ ਨੇ ਕਿਊਬਿਕ ਕਾਕਸ ਦੇ ਚੇਅਰ ਦਾ ਅਹੁਦਾ ਛੱਡਣ ਦਾ ਐਲਾਨ ਵੀ ਕੀਤਾ। ਚੀਫ ਗਵਰਮੈਂਟ ਵ੍ਹਿਪ ਸਟੀਵਨ ਮੈਕਕਿਨਨ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਚੇਅਰ ਦੀ ਭੂਮਿਕਾ ਤੋਂ ਲਾਈਟਬਾਊਂਡ ਵੱਲੋਂ ਦਿੱਤਾ ਗਿਆ ਅਸਤੀਫਾ ਸਵੀਕਾਰ ਕਰ ਲਿਆ ਗਿਆ ਹੈ ਪਰ ਉਹ ਨੈਸ਼ਨਲ ਕਾਕਸ ਦੇ ਮੈਂਬਰ ਬਣੇ ਰਹਿਣਗੇ।

# ਡੁਪੌਂਟ ਸਟੇਸ਼ਨ ਉੱਤੇ ਛੁਰੇਬਾਜ਼ੀ ਵਿੱਚ ਟੀਟੀਸੀ ਵਰਕਰ ਹੋਇਆ ਜ਼ਖ਼ਮੀ



ਓਨਟਾਰੀਓ, 10 ਫਰਵਰੀ (ਪੋਸਟ ਬਿਊਰੋ) : ਬੁੱਧਵਾਰ ਸਵੇਰੇ ਡੁਪੌਂਟ ਸਟੇਸ਼ਨ ਉੱਤੇ ਛੁਰੇਬਾਜ਼ੀ ਦੀ ਵਾਪਰੀ ਘਟਨਾ ਵਿੱਚ ਇੱਕ ਟੀਟੀਸੀ ਵਰਕਰ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ।

ਪੁਲਿਸ ਅਧਿਕਾਰੀਆਂ ਨੂੰ ਸਵੇਰੇ 6:15 ਵਜੇ ਸਪੈਡਿਨਾ ਰੋਡ ਤੇ ਡੁਪੌਂਟ ਸਟਰੀਟ ਉੱਤੇ ਸਥਿਤ ਸਟੇਸ਼ਨ ਉੱਤੇ ਵਾਪਰੀ ਛੁਰੇਬਾਜ਼ੀ ਲਈ ਪੁਲਿਸ ਅਧਿਕਾਰੀਆਂ ਨੂੰ ਸੱਦਿਆ ਗਿਆ। ਪੈਰਾਮੈਡਿਕਸ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਇੱਕ ਵਿਅਕਤੀ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਜੋ ਕਿ ਆਪਣੇ 40ਵਿਆਂ ਵਿੱਚ ਸੀ। ਟੀਟੀਸੀ ਵੱਲੋਂ ਪੁਸ਼ਟੀ ਕੀਤੀ ਗਈ ਹੈ ਕਿ ਜ਼ਖ਼ਮੀ ਵਿਅਕਤੀ ਉਨ੍ਹਾਂ ਦਾ ਮੁਲਾਜ਼ਮ ਸੀ ਪਰ ਜਿਸ ਸਮੇਂ ਇਹ ਘਟਨਾ ਵਾਪਰੀ ਉਸ ਸਮੇਂ ਉਹ ਕੋਈ ਟਰੇਨ ਨਹੀਂ ਆਪਰੇਟ ਕਰ ਰਿਹਾ ਸੀ। ਪੁਲਿਸ ਮੌਕੇ ਤੋਂ ਫਰਾਰ ਮਸ਼ਕੂਕ ਦੀ ਭਾਲ ਕਰ ਰਹੀ ਹੈ। ਮਸ਼ਕੂਕ 30 ਸਾਲਾਂ ਦਾ ਸਿਆਹ ਨਸਲ ਦਾ ਦਾੜ੍ਹੀ ਵਾਲਾ ਵਿਅਕਤੀ ਦੱਸਿਆ ਜਾਂਦਾ ਹੈ। ਉਸ ਨੂੰ ਕਾਲੇ ਰੰਗ ਦੀ ਜੈਕੇਟ, ਲਾਲ ਹੁਡੀ, ਕਾਲੀ ਜੀਨਜ਼ ਤੇ ਬੈਕਪੈਕ ਲਿਆਂ ਵੇਖਿਆ ਗਿਆ।

# ਮੁਜ਼ਾਹਰਾ ਮੁੱਕਣ ਦੇ ਬਾਵਜੂਦ ਕੁਈਨਜ਼ ਪਾਰਕ ਦੇ ਨੇੜੇ ਬਣੀ ਰਹੇਗੀ ਪੁਲਿਸ

ਟੋਰਾਂਟੋ, 10 ਫਰਵਰੀ (ਪੋਸਟ ਬਿਊਰੋ) : ਪਬਲਿਕ ਹੈਲਥ ਮਾਪਦੰਡਾਂ ਸਬੰਧੀ ਵੀਕੈਂਡ ਉੱਤੇ ਕੁਈਨਜ਼ ਪਾਰਕ ਉੱਤੇ ਕੀਤੇ ਗਏ ਮੁਜ਼ਾਹਰਿਆਂ ਕਾਰਨ ਬੰਦ ਹੋਈ ਡਾਊਨਟਾਊਨ ਦੀਆਂ ਸੜਕਾਂ ਨੂੰ ਖੁੱਲ੍ਹਵਾਉਣ ਲਈ ਟੋਰਾਂਟੋ ਪੁਲਿਸ ਕੰਮ ਕਰ ਰਹੀ ਹੈ।




ਅਧਿਕਾਰੀਆਂ ਦਾ ਕਹਿਣਾ ਹੈ ਕਿ ਸ਼ਾਂਤਮਈ ਢੰਗ ਨਾਲ ਕੱਢੀ ਗਈ ਰੈਲੀ ਤੋਂ ਬਾਅਦ ਉਨ੍ਹਾਂ ਵੱਲੋਂ ਰਾਤ ਭਰ ਤੋਂ ਸੜਕਾਂ ਮੁੜ ਖੁੱਲ੍ਹਵਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਕਈ ਸੜਕਾਂ ਉੱਤੇ ਲਾਏ ਗਏ ਬਲਾਕਏਡਜ਼ ਖੁੱਲ੍ਹ ਚੁੱਕੇ ਹਨ। ਕਈ ਥਾਂਵਾਂ ਤੋਂ ਸੜਕਾਂ ਪ੍ਰੋਵਿੰਸ ਦੀ ਵਿਧਾਨ ਸਭਾ ਦੇ ਆਲੇ ਦੁਆਲੇ ਤੋਂ ਹੀ ਬੰਦ ਕੀਤੀਆਂ ਗਈਆਂ ਸਨ। ਪੁਲਿਸ ਦਾ ਕਹਿਣਾ ਹੈ ਕਿ ਰੈਲੀ ਦਰਾਨ ਕੁਈਨਜ਼ ਪਾਰਕ ਦੇ ਆਲੇ ਦੁਆਲੇ ਟਰੱਕਾਂ ਨੂੰ ਇੱਕਠਾ ਹੋਣ ਤੋਂ ਰੋਕਣ ਵਿੱਚ ਉਹ ਕਾਮਯਾਬ ਰਹੇ। ਪੁਲਿਸ ਅਧਿਕਾਰੀ ਵੱਡੀ ਮਾਤਰਾ ਵਿੱਚ ਰੈਲੀ ਦੌਰਾਨ ਡਾਊਨਟਾਊਨ ਵਿੱਚ ਰਹੇ। ਉਨ੍ਹਾਂ ਇਹ ਵੀ ਆਖਿਆ ਕਿ ਜੇ ਸੋਮਵਾਰ ਨੂੰ ਮੁਜ਼ਾਹਰਾਕਾਰੀ ਪਰਤਦੇ ਹਨ ਤਾਂ ਉਹ ਉਨ੍ਹਾਂ ਦਾ ਸਾਹਮਣਾ ਕਰਨ ਲਈ ਇੱਥੇ ਹੀ ਹੋਣਗੇ। ਇੱਕ ਅੰਦਾਜ਼ੇ ਮੁਤਾਬਕ 2000 ਦੇ ਨੇੜੇ ਤੇੜੇ ਮੁਜ਼ਾਹਰਾਕਾਰੀ ਡਾਊਨਟਾਊਨ ਟੋਰਾਂਟੋ ਵਿੱਚ ਇੱਕਠੇ ਹੋਏ।

# ਵਾਈਨਮੇਕਰ ਦੇ ਕਤਲ ਦੇ ਸਬੰਧ ਵਿੱਚ ਇੱਕ ਗ੍ਰਿਫਤਾਰ

ਓਨਟਾਰੀਓ, 10 ਫਰਵਰੀ (ਪੋਸਟ ਬਿਊਰੋ) : ਮੰਨੇ ਪ੍ਰਮੰਨੇ ਨਾਇਗਰਾ ਦੇ ਵਾਈਨਮੇਕਰ ਦੀ ਸ਼ੱਕੀ ਢੰਗ ਨਾਲ ਹੋਈ ਮੌਤ ਦੇ ਸਬੰਧ ਵਿੱਚ ਪੁਲਿਸ ਨੇ ਹਾਲਡੀਮੰਡ ਕਾਊਂਟੀ ਵਿੱਚ ਇੱਕ ਵਿਅਕਤੀ ਨੂੰ ਸੈਕਿੰਡ ਡਿਗਰੀ ਮਰਡਰ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ।

ਮ੍ਰਿਤਕ ਦੀ ਪਛਾਣ ਤਾਅਸੇ ਤੇ ਰੈਡਸਟੋਨ ਵਾਈਨਰੀ ਦੇ ਵਿਟੀਕਲਚਰ ਤੇ ਵਾਈਨਮੇਕਿੰਗ ਲਈ ਡਾਇਰੈਕਟਰ



54 ਸਾਲਾ ਪਾਲ ਪੈਂਡਰ ਵਜੋਂ ਕੀਤੀ ਗਈ ਹੈ। ਵਾਈਨਰੀ ਦੇ ਬਾਨੀ ਮਰੇ ਤਾਅਸੇ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਬੜੇ ਹੀ ਸ਼ੱਕੀ ਹਾਲਾਤ ਵਿੱਚ ਪੈਂਡਰ ਦੀ ਮੌਤ ਹੋਈ। ਉਨ੍ਹਾਂ ਦੱਸਿਆ ਕਿ ਪੈਂਡਰ 2005 ਵਿੱਚ ਤਾਅਸੇ ਕੰਪਨੀ ਨਾਲ ਜੁੜਿਆ ਸੀ।

ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਸਮੈਲਸਰਜ਼ ਕੋਵ ਲੇਨ ਉੱਤੇ ਸਥਿਤ ਘਰ ਤੋਂ 3 ਫਰਵਰੀ ਨੂੰ ਐਮਰਜੰਸੀ ਕਾਲ ਆਈ। ਪੈਂਡਰ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਇਸ ਸਿਲਸਿਲੇ ਵਿੱਚ ਹੈਮਿਲਟਨ ਦੇ 31 ਸਾਲਾ ਬ੍ਰੈਡਲੇ ਹਾਊਸ ਨੂੰ ਸੈਕਿੰਡ ਡਿਗਰੀ ਮਰਡਰ ਲਈ ਚਾਰਜ ਕੀਤਾ ਗਿਆ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਪੈਂਡਰ ਦੀ ਮੌਤ ਕਿਉਂ ਹੋਈ ਜਾਂ ਇਹ ਦੋਵੇਂ ਇੱਕ ਦੂਜੇ ਨੂੰ ਜਾਣਦੇ ਸਨ।






## ਅੱਜ ਨਾਮਾ

ਸਿਰਸੇ ਵੱਲ ਨੂੰ ਕਈਆਂ ਦੀ ਨਜ਼ਰ ਲੱਗੀ,
ਕਈਆਂ ਓਧਰ ਨੂੰ ਦੌੜ ਆ ਲਾਈ ਮੀਆਂ।
ਅੱਧੀ ਰਾਤੀਂ ਕਈ ਹਾਜ਼ਰੀ ਭਰਨ ਜਾਵਣ,
ਜਾਵਣ ਕਾਰਾਂ ਕਈਦਿਨੇ ਭਜਾਈ ਮੀਆਂ।
ਕੁਝ ਨੇ ਪਹੁੰਚ ਏਜੰਟ ਦੇ ਤੀਕ ਕਰ ਲਈ,
ਮੁੜ-ਮੁੜ ਜਾਂਦੇ ਆ ਵਾਸਤੇ ਪਾਈ ਮੀਆਂ।
ਭੁੱਲੇ ਕਈਆਂ ਨੂੰ ਪਹਿਲੇ ਨੇ ਕਰੇ ਭਾਸ਼ਣ,
ਅਗਲਿਆਂ ਰੱਖੀ ਹੈ ਪੀੜ ਦਬਾਈ ਮੀਆਂ।
ਪਹਿਲਾਂ ਵਾਂਗਰ ਨਾ ਸੌਖੀ ਹੈ ਗੱਲ ਬਣਨੀ,
ਲੱਗਣੀ ਬੇੜੀ ਨਹੀਂ ਸੌਖੜੀ ਪਾਰ ਮੀਆਂ।
ਚਰਨੀਂ ਕਈਆਂ ਦੇ ਲੱਗਣਾ ਪਊ ਜਾ-ਜਾ,
ਵੇਲਣੇ ਪੈਣੇ ਫਿਰ ਪਾਪੜ ਹਜ਼ਾਰ ਮੀਆਂ।

**ਤੀਸ ਮਾਰ ਖਾਂ**

# ਕੈਪਟਨ ਅਮਰਿੰਦਰ ਸਿੰਘ ਵੱਲੋਂ ਦੋਸ਼, ਮੁੱਖ ਮੰਤਰੀ ਚਰਨਜੀਤ ਚੰਨੀ ਨੇ 111 ਦਿਨਾਂ ਵਿੱਚ 33 ਹਜ਼ਾਰ ਕਰੋੜ ਰੁਪਏ ਬਰਬਾਦ ਕੀਤੇ

### * ਕੇਜਰੀਵਾਲ ਅਤੇ ਨਵਜੋਤ ਸਿੱਧੂ ਵਿਰੁੱਧ ਵੀ ਚਾਂਦਮਾਰੀ

ਚੰਡੀਗੜ੍ਹ, 10 ਫਰਵਰੀ, (ਪੋਸਟ ਬਿਊਰੋ)-ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਪੰਜਾਬ ਲੋਕ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦੀ ਤਰੱਕੀ, ਖੁਸ਼ਹਾਲੀ, ਸੁਰੱਖਿਆ ਅਤੇ ਸ਼ਾਂਤੀ ਲਈ ਭਾਜਪਾ ਅਤੇ ਸਹਿਯੋਗੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਜਿਤਾਉਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਰਹੱਦੀ ਰਾਜ ਹੋਣ ਕਾਰਨ ਪੰਜਾਬ ਨੂੰ ਕੇਂਦਰ ਸਰਕਾਰ ਦੀ ਬੇਹੱਦ ਲੋੜ ਹੈ ਤੇ ਕੇਂਦਰ ਵਿੱਚ ਸਾਲ 2024 ਮਗਰੋਂ ਵੀ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਭਾਜਪਾ ਦੀ ਸਰਕਾਰ ਹੀ ਆਉਣੀ ਤੈਅ ਹੈ, ਇਸ ਦਾ ਬਦਲ ਕੋਈ ਨਹੀਂ ਹੋ ਸਕਦਾ।



ਰਾਜਪੁਰਾ ਹਲਕੇ ਤੋਂ ਚੋਣ ਲੜ ਰਹੇ ਭਾਜਪਾ ਉਮੀਦਵਾਰ ਜਗਦੀਸ਼ ਕੁਮਾਰ ਜੱਗਾ ਦੇ ਹੱਕ ਵਿੱਚਅੱਜ ਦੁਪਹਿਰ ਕੈਪਟਨ ਅਮਰਿੰਦਰ ਸਿੰਘ ਅਨਾਜ ਮੰਡੀ ਵਿੱਚ ਹੋਈ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਨੇ ਇਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘਸਿੱਧੂ ਉੱਤੇ ਤਿੱਖੇ ਹਮਲੇ ਕੀਤੇ ਅਤੇ ਕਿਹਾ ਕਿ ਕਾਂਗਰਸ ਨੇ 40 ਦਾਗੀ ਵਿਧਾਇਕਾਂ ਨੂੰ ਦੁਬਾਰਾ ਟਿਕਟਾਂ ਦੇ ਕੇ ਸਾਬਤ ਕਰ ਦਿੱਤਾ ਹੈ ਕਿ ਉਹ ਪੰਜਾਬ ਵਿੱਚ ਕਿੱਦਾਂ ਦੇ ਨੁਮਾਇੰਦੇ ਲਿਆਉਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਚਰਨਜੀਤ ਸਿੰਘ ਚੰਨੀ ਨੇ 111 ਦਿਨਾਂ ਵਿੱਚ 33 ਹਜ਼ਾਰ ਕਰੋੜ ਰੁਪਏ ਬਰਬਾਦ ਕੀਤੇ ਹਨ ਤੇ ਅੱਗੋਂ ਰਾਜ ਸਰਕਾਰ ਕੋਲ ਮਾਰਚ ਲਈ ਮੁਲਾਜ਼ਮਾਂ ਦੀ ਤਨਖਾਹਾਂ ਜੋਗੇ ਵੀ ਪੈਸੇ ਨਹੀਂ ਬਚਣੇ। ਉਨ੍ਹਾਂ ਕਿਹਾ ਕਿ ਨਵਜੋਤ ਸਿੰਘਸਿੱਧੂ ਪਾਕਿਸਤਾਨ ਨਾਲ ਯਾਰੀਆਂ ਪੁਗਾਉਂਦਾਹੈ, ਪਰ ਪਾਕਿਸਤਾਨ ਹਮੇਸ਼ਾ ਸਾਡੇ ਪੰਜਾਬ ਵਿੱਚ ਗੜਬੜ ਫੈਲਾਉਣ ਲਈ ਡਰੋਨਾਂ ਨਾਲ ਹਥਿਆਰ ਭੇਜਦਾ ਹੈ। ਉਨ੍ਹਾਂ ਨੇ ਕਿਹਾ ਕਿ ਨਰਿੰਦਰ ਮੋਦੀ ਨਾਲ ਉਨ੍ਹਾਂ ਦੇ ਪੁਰਾਣੇ ਸਬੰਧ ਹਨ ਤੇ ਪੰਜਾਬ ਵਿੱਚਇਸ ਗਠਜੋੜ ਦੀ ਸਰਕਾਰ ਹੀ ਬਣਨੀ ਹੈ।

ਆਮ ਆਦਮੀ ਪਾਰਟੀ ਦੇ ਮੁਖੀ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲਬਾਰੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਹ ਝੂਠੀਆਂ ਗਾਰੰਟੀਆਂ ਦੇਈ ਜਾਂਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਮਹੀਨਾ ਦੇਣ ਦੀ ਗਾਰੰਟੀ ਦੇਣ ਵਾਲੇ ਕੇਜਰੀਵਾਲ ਨੇ ਦਿੱਲੀ ਵਿੱਚ ਔਰਤਾਂ ਨੂੰ ਇਹ ਪੈਸੇ ਕਿਉਂ ਨਾ ਦਿੱਤੇ। ਉਨ੍ਹਾਂ ਕਿਹਾ ਕਿ ਕੇਜਰੀਵਾਲ ਇਹ ਵੀ ਦੱਸੇ ਕਿ ਉਸ ਦੀ ਸਰਕਾਰਵਿੱਚਕੋਈ ਮਹਿਲਾ ਮੰਤਰੀ ਕਿਉਂ ਨਹੀਂ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਭਾਜਪਾ ਦੇ ਕੌਮੀ ਆਗੂ ਅਤੇ ਪੰਜਾਬ ਦੇ ਇੰਚਾਰਜ ਦੁਸ਼ਯੰਤ ਗੌਤਮ, ਭਾਜਪਾ ਦੇ ਰੋਹਤਕ ਹਲਕੇ ਤੋਂ ਪਾਰਲੀਮੈਂਟ ਮੈਂਬਰ ਅਰਵਿੰਦ ਸ਼ਰਮਾ ਅਤੇ ਹੋਰਨਾਂ ਨੇ ਵੀ ਇਕੱਠ ਨੂੰ ਸੰਬੋਧਨ ਕੀਤਾ।

# ਸ਼ਹਿਰੀ ਸੀਟਾਂ ਉੱਤੇ ਪ੍ਰਭਾਵ ਵਧਾਉਣ ਵਾਸਤੇ ਕਾਂਗਰਸ ਨਵੇਂ ਬਦਲ ਦੀ ਤਲਾਸ਼ ਵਿੱਚ

### * ਨਵਜੋਤ ਸਿੱਧੂ ਉਮੀਦਾਂ ਉੱਤੇ ਖਰੇ ਨਹੀਂ ਉਤਰਦੇ ਸਮਝੇ ਜਾ ਰਹੇ

ਚੰਡੀਗੜ੍ਹ, 10 ਫਰਵਰੀ, (ਪੋਸਟ ਬਿਊਰੋ)- ਪੰਜਾਬਵਿੱਚ ਕਾਂਗਰਸ ਮੁੜ ਕੇ ਸਰਕਾਰ ਬਣਾ ਸਕੇਗੀ ਜਾਂ ਨਹੀਂ, ਇਹ ਤਾਂ ਪਤਾ ਨਹੀਂ, ਪਰ ਇਸ ਵਾਰ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਨੂੰ ਇਹ ਅਹਿਸਾਸ ਹੋਇਆ ਦੱਸਿਆ ਜਾ ਰਿਹਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੇ ਪਾਰਟੀ ਤੋਂ ਜਾਣ ਅਤੇ ਸੁਨੀਲ ਜਾਖੜ ਵੱਲੋਂ ਸਰਗਰਮ ਸਿਆਸਤ ਛੱਡਣ ਦੇ ਬਾਅਦ ਕਾਂਗਰਸ ਕੋਲ ਸ਼ਹਿਰੀ ਸੀਟਾਂ ਉੱਤੇ ਪ੍ਰਭਾਵ ਵਾਲੇ ਲੀਡਰਾਂ ਦੀ ਘਾਟਹੋ ਗਈ ਹੈ।ਜਾਣਕਾਰ ਸੂਤਰਾਂ ਅਨੁਸਾਰ ਕਾਂਗਰਸ ਕੋਲ ਕੋਈ ਅਜਿਹਾ ਸਿੱਖ ਚਿਹਰਾ ਨਹੀਂ,ਜੋ ਸ਼ਹਿਰੀ ਸੀਟਾਂ ਉੱਤੇਆਪਣਾ ਪ੍ਰਭਾਵ ਦਿਖਾਵੇ ਅਤੇ ਜਿਸ ਨੂੰ ਹਿੰਦੂ ਅਤੇ ਸਿੱਖ ਦੋਵੇਂ ਧਿਰਾਂ ਪ੍ਰਵਾਨ ਕਰਨ। ਨਵਜੋਤ ਸਿੰਘ ਸਿੱਧੂਨੂੰ ਕੈਪਟਨ ਅਮਰਿੰਦਰ ਸਿੰਘ ਦਾ ਬਦਲ ਸਮਝਦੀ ਕਾਂਗਰਸ ਇਸ ਵੇਲੇ ਇਹ ਸਮਝਦੀ ਦੱਸੀ ਜਾਂਦੀ ਹੈ ਕਿ ਚੋਣਾਂਵਿੱਚਸਿੱਧੂ ਦਾ ਗ੍ਰਾਫ ਤੇਜ਼ੀ ਨਾਲ ਡਿੱਗਿਆ ਹੈ।

ਵਰਨਣ ਯੋਗ ਹੈ ਕਿ ਸਾਲ 2017ਵਿੱਚ ਨਵਜੋਤ ਸਿੰਘਸਿੱਧੂ ਤਾਜ਼ਾ-ਤਾਜ਼ਾ ਕਾਂਗਰਸ ਵਿੱਚ ਆਇਆ ਸੀ, ਪਰ ਪ੍ਰਚਾਰ ਲਈ ਉਸ ਦੀ ਮੰਗ ਬਹੁਤ ਸੀ ਤੇ ਇਹੀ ਹਾਲਤ 2019 ਦੀਆਂ ਲੋਕ ਸਭਾ ਚੋਣਾਂ ਵੇਲੇ ਸੀ। ਓਦੋਂ ਕਾਂਗਰਸ ਦੀ ਕੌਮੀ ਟੀਮ ਵਿੱਚ ਨਵਜੋਤ ਸਿੰਘ ਸਿੱਧੂ ਨੂੰ ਸਟਾਰ ਪ੍ਰਚਾਰਕ ਵਜੋਂ ਰੱਖਿਆ ਜਾਂਦਾ ਸੀ, ਪਰ 2022ਵਿੱਚ ਕਾਂਗਰਸ ਨੇ ਉਨ੍ਹਾਂ ਨੂੰ ਸਟਾਰ ਪ੍ਰਚਾਰਕ ਟੀਮ ਤੋਂ ਬਾਹਰ ਤਾਂ ਰੱਖਿਆ ਹੈ, ਉਹ ਪੰਜਾਬਦੀ ਕਿਸੇ ਸੀਟ ਉੱਤੇਵੀ ਪ੍ਰਚਾਰ ਕਰਨ ਲਈ ਜਾਂਦੇ ਨਜ਼ਰ ਨਹੀਂ ਆਏ। ਸਾਲ 2021ਵਿੱਚ ਕਾਂਗਰਸ ਦਾ ਪ੍ਰਦੇਸ਼ ਪ੍ਰਧਾਨ ਬਣਨ ਤਕ ਨਵਜੋਤ ਸਿੰਘਸਿੱਧੂ ਨਾ ਸਿਰਫ ਸਿੱਖਾਂਵਿੱਚਹਰਮਨ-ਪਿਆਰੇ ਸਨ, ਸਗੋਂ ਸ਼ਹਿਰੀ ਖੇਤਰਾਂਵਿੱਚ ਚੰਗਾ ਪ੍ਰਭਾਵ ਰੱਖਦੇ ਸਨ ਤੇ ਹਿੰਦੂਆਂਵਿੱਚ ਵੀ ਉਹ ਸਵੀਕਾਰ ਕੀਤੇ ਜਾਂਦੇ ਸਨ। ਕੈਪਟਨ ਅਮਰਿੰਦਰ ਸਿੰਘ ਦੇ ਕਾਂਗਰਸ ਛੱਡ ਜਾਣ ਤੇਹਿੰਦੂ ਹੋਣ ਕਾਰਨ ਮੁੱਖ ਮੰਤਰੀ ਨਾ ਬਣਾਏ ਜਾਣ ਕਾਰਨ ਸੁਨੀਲ ਜਾਖੜ ਦੇ ਸਰਗਰਮ ਸਿਆਸਤ ਤੋਂ ਸੰਨਿਆਸ ਦੇ ਨਾਲ ਕਾਂਗਰਸ ਨੂੰ ਸ਼ਹਿਰੀ ਹਲਕਿਆਂ ਵਿੱਚ ਪ੍ਰਭਾਵ ਵਾਲੇ ਲੀਡਰ ਦੀ ਘਾਟ ਮਹਿਸੂਸ ਹੋਣ ਲੱਗੀ ਹੈ। ਸਮਝਿਆ ਜਾ ਰਿਹਾ ਹੈ ਕਿ ਚੱਲਦੀ ਚੋਣ ਪ੍ਰਕਿਰਿਆ ਦੇ ਵਿਚਾਲੇ ਤਿੰਨ ਵਾਰ ਦੇ ਪਾਰਲੀਮੈਂਟ ਮੈਂਬਰ ਰਵਨੀਤ ਸਿੰਘ ਬਿੱਟੂ ਨੂੰ ਚੋਣ ਪ੍ਰਬੰਧਕ ਕਮੇਟੀ ਦਾ ਚੇਅਰਮੈਨ ਬਣਾ ਕੇ ਕਾਂਗਰਸ ਇਹ ਘਾਟ ਨੂੰ ਪੂਰੀ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਇਸ ਦੀ ਕਾਂਗਰਸ ਵਿੱਚ ਸਭ ਤੋਂ ਕਰਾਰੀ ਸੱਟ ਨਵਜੋਤ ਸਿੰਘ ਸਿੱਧੂ ਨੂੰ ਪੈ ਰਹੀ ਹੈ, ਜਿਸ ਨੂੰ ਅਣਗੌਲਿਆ ਕੀਤਾ ਜਾਣ ਲੱਗਾ ਹੈ।

### ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ

# ਪਹਿਲੇ ਗੇੜ ਵਿੱਚ 58 ਸੀਟਾਂ ਦੇ 623 ਉਮੀਦਵਾਰਾਂ ਲਈ 57 ਫੀਸਦੀ ਤੋਂ ਵੱਧ ਵੋਟਿੰਗ

ਲਖਨਊ, 10 ਫਰਵਰੀ, (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਵਿੱਚ ਵਿਧਾਨ ਸਭਾ ਚੋਣਾਂ ਲਈ ਹੋਣ ਵਾਲੇ ਕੁਲ ਸੱਤ ਗੇੜਾਂ ਵਿੱਚੋਂ ਪਹਿਲਾ ਗੇੜ ਅੱਜਸਿਰੇ ਚੜ੍ਹ ਗਿਆ, ਜਿਸ ਲਈ ਇਸ ਰਾਜ ਦੇ 11 ਜ਼ਿਲਿਆਂ ਦੀਆਂ 58 ਸੀਟਾਂ ਉੱਤੇ ਵੋਟਿੰਗ ਹੋਈ ਹੈ। ਸਵੇਰੇ 7 ਵਜੇ ਸ਼ੁਰੂ ਹੋ ਕੇ ਸ਼ਾਮ 6 ਵਜੇ ਤੱਕ ਹੁੰਦੀ ਰਹੀ ਵੋਟਿੰਗ ਲਈ ਲੋਕਾਂ ਵਿੱਚ ਭਾਰੀ ਉਤਸ਼ਾਹ ਨਜ਼ਰ ਆ ਰਿਹਾ ਸੀ, ਪਰ ਵੋਟਿੰਗ ਫੀਸਦੀ ਦੀ ਔਸਤ ਮਸਾਂ 57 ਫੀਸਦੀ ਹੀ ਰਹੀ ਹੈ।



ਭਾਰਤ ਦੇ ਇਸ ਸਭ ਤੋਂ ਵੱਡੇ ਰਾਜ ਦੀ ਵਿਧਾਨ ਸਭਾ ਲਈ ਅੱਜ ਵਾਲੇ ਪਹਿਲੇ ਗੇੜ ਦੌਰਾਨ ਸ਼ਾਮਲੀ, ਹਾਪੁੜ, ਗੌਤਮ ਬੁੱਧ ਨਗਰ, ਮੁਜ਼ੱਫਰਨਗਰ, ਮੇਰਠ, ਬਾਗਪਤ, ਗਾਜ਼ੀਆਬਾਦ, ਬੁਲੰਦਸ਼ਹਿਰ, ਅਲੀਗੜ੍ਹ, ਮਥੁਰਾ ਤੇ ਆਗਰਾ ਜ਼ਿਲਿਆਂ ਦੀਆਂ ਵਿਧਾਨ ਸਭਾ ਸੀਟਾਂ ਉੱਤੇ ਵੋਟਿੰਗ ਹੋਈ। ਇਨ੍ਹਾਂ ਸੀਟਾਂ ਉੱਤੇ ਕੁੱਲ 623 ਉਮੀਦਵਾਰ ਚੋਣ ਲੜ ਰਹੇ ਹਨ, ਜਿਨ੍ਹਾਂਵਿੱਚੋਂ 73 ਮਹਿਲਾ ਉਮੀਦਵਾਰ ਹਨ। ਇਨ੍ਹਾਂ 623 ਉਮੀਦਵਾਰਾਂ ਦੀ ਕਿਸਮਤ ਵੋਟਿੰਗ ਮਸ਼ੀਨਾਂ(ਈਵੀਐਮ)ਵਿੱਚ ਬੰਦ ਹੋ ਗਈ ਤੇ ਨਤੀਜਾ ਪੰਜਾਬ ਚੋਣਾਂ ਨਾਲ 10 ਮਾਰਚ ਨੂੰ ਆਵੇਗਾ। ਅੱਜ ਦੇ ਪਹਿਲੇ ਗੇੜ ਮੌਕੇ ਉੱਤਰ ਪ੍ਰਦੇਸ਼ ਦੇ ਕੈਰਾਨਾ ਵਿੱਚ ਸਭ ਤੋਂ ਵੱਧ 65.3 ਫੀਸਦੀਤੇ ਸਭ ਤੋਂ ਘੱਟ ਵੋਟਿੰਗ ਸਾਹਿਬਾਬਾਦਵਿੱਚਮਸਾਂ38 ਫੀਸਦੀ ਵੋਟਿੰਗ ਹੋਈ। ਮੁਜ਼ੱਫਰਨਗਰ ਦੇ ਇਕ ਪੋਲਿੰਗ ਸਟੇਸ਼ਨ ਉੱਤੇ 105 ਸਾਲਾ ਔਰਤ ਆਪਣੀ ਵੋਟ ਪਾਉਣ ਪਹੁੰਚੀ।ਅੱਜ ਜਿਨ੍ਹਾਂ 58 ਸੀਟਾਂ ਉੱਤੇ ਵੋਟਿਗ ਹੋਈ ਹੈ, ਓਥੇਸਾਲ 2017 ਦੀਆਂ ਚੋਣਾਂਵਿੱਚ ਭਾਜਪਾ ਨੇ 53 ਸੀਟਾਂ ਜਿੱਤੀਆਂ ਸਨ, ਸਮਾਜਵਾਦੀ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਨੂੰ ਦੋ-ਦੋ ਸੀਟਾਂ ਮਿਲੀਆਂ ਸਨ।

# ਚਾਰ ਲੱਖ ਦਾ ਮੋਟਰ ਸਾਈਕਲ ਖਰੀਦਣ ਆਏ, ਟੈਸਟ ਬਹਾਨੇ ਫਰਾਰ

ਲੁਧਿਆਣਾ, 10 ਫਰਵਰੀ (ਪੋਸਟ ਬਿਊਰੋ)- ਓ ਐਲ ਐਕਸ ਸਾਈਟ ਦੇ ਰਾਹੀਂ ਚਾਰ ਲੱਖ ਰੁਪਏ ਕੀਮਤ ਦਾ ਮੋਟਰ ਸਾਈਕਲ ਵੇਚਣ ਦਾ ਇਸ਼ਤਿਹਾਰ ਇੱਕ ਨੌਜਵਾਨ ਨੂੰ ਓਦੋਂ ਭਾਰੀ ਪੈ ਗਿਆ, ਜਦ ਟੈਸਟ ਲੈਣ ਦੇ ਬਹਾਨੇ ਦੋ ਬਦਮਾਸ਼ ਮੋਟਰ ਸਾਈਕਲ ਲੈ ਕੇ ਫਰਾਰ ਹੋ ਗਏ। ਚਲਾਕ ਬਦਮਾਸ਼ਾਂ ਨੇ ਪੀੜਤ ਨੌਜਵਾਨ ਨੂੰ ਲਾਡੋਵਾਲ ਨੇੜੇ ਟੋਲ ਪਲਾਜ਼ਾ ਉੱਤੇ ਬਾਈਕ ਦਿਖਾਉਣ ਦੇ ਬਹਾਨੇ ਬੁਲਾਇਆ ਤੇ ਉਥੋਂ ਬਾਈਕ ਲੈ ਕੇ ਰਫੂ ਚੱਕਰ ਹੋ ਗਏ।

ਥਾਣਾ ਲਾਡੋਵਾਲ ਦੀ ਪੁਲਸ ਨੇ ਰਿਸ਼ੀ ਨਗਰ ਇਨਕਮ ਟੈਕਸ ਕਾਲੋਨੀ ਦੇ ਖੁਸ਼ਕਰਨ ਸਿੰਘ ਦੀ ਸ਼ਿਕਾਇਤ ਉੱਤੇ ਅਣਪਛਾਤੇ ਵਿਅਕਤੀਆਂਦੇ ਖਿਲਾਫ ਮਾਮਲਾ ਦਰਜ ਕੀਤਾ ਹੈ। ਖੁਸ਼ਕਰਨ ਸਿੰਘ ਨੇ ਦੱਸਿਆ ਕਿ ਉਹ ਇਨਕਮ ਟੈਕਸ ਵਿਭਾਗ ਵਿੱਚ ਡਾਟਾ ਐਂਟਰੀ ਆਪਰੇਟਰ ਹੈ। ਉਸ ਦੇ ਮਾਤਾ-ਪਿਤਾ ਵੀ ਇਨਕਮ ਟੈਕਸ ਵਿਭਾਗ ਵਿੱਚ ਤੈਨਾਤ ਹਨ। ਉਸ ਦੇ ਕੋਲ ਕੇ ਟੀ ਐਸ ਆਰ ਸੀ 380 ਮੋਟਰ ਸਾਈਕਲ ਹੈ, ਜਿਸ ਨੂੰ ਉਸ ਨੇ ਲਗਭਗ ਚਾਰ ਲੱਖ ਰੁਪਏ ਦਾ ਖਰੀਦਿਆ ਸੀ। ਉਹ ਆਪਣੇ ਮੋਟਰ ਸਾਈਕਲ ਵੇਚਣਾ ਚਾਹੁੰਦਾ ਸੀ ਅਤੇ ਵੇਚਣ ਲਈ ਓ ਐਲ ਐਕਸਸਾਈਟ ਉੱਤੇ ਇਸ਼ਤਿਹਾਰ ਅਪਲੋਡ ਕਰ ਦਿੱਤਾ। ਉਸ ਪਿੱਛੋਂ ਸੱਤ ਫਰਵਰੀ ਨੂੰ ਉਸ ਨੂੰ ਮੋਟਰ ਸਾਈਕਲ ਖਰੀਦਣ ਲਈ ਕਿਸੇ ਨੇ ਫੋਨ ਕਰ ਕੇ ਜਾਣਕਾਰੀ ਲਈ। ਤਦ ਉਸ ਵਿਅਕਤੀ ਨੇ ਖੁਸ਼ਕਰਨ ਸਿੰਘ ਨੂੰ ਕਿਹਾ ਕਿ ਉਹ ਲੁਧਿਆਣਾ ਆ ਰਿਹਾ ਹੈ ਤੇ ਉਹ ਆਪਣਾ ਮੋਟਰ ਸਾਈਕਲ ਲੈ ਕੇ ਲਾਡੋਵਾਲ ਟੋਲ ਪਲਾਜ਼ਾ ਨੇੜੇ ਆਵੇ। ਜਦ ਉਹ ਮੋਟਰ ਸਾਈਕਲ ਲੈ ਕੇ ਟੋਲ ਪਲਾਜ਼ਾ ਨੇੜੇ ਗਿਆ ਤਾਂ ਉਥੇ ਆਏ ਦੋ ਅਣਪਛਾਤੇ ਬੰਦਿਆਂ ਨੇ ਟੈਸਟ ਡਰਾਈਵ ਲੈਣ ਲਈ ਉਸ ਦਾ ਮੋਟਰ ਸਾਈਕਲ ਲੈ ਲਿਆ। ਫਿਰ ਇੱਕ ਜਣਾਮੋਟਰ ਸਾਈਕਲ ਸਟਾਰਟ ਕਰ ਕੇ ਚਲਾਉਣ ਲੱਗਾ ਤਾਂ ਨਾਲ ਆਇਆ ਦੂਸਰਾ ਵੀ ਪਿੱਛੇ-ਪਿੱਛੇ ਉਥੋਂ ਭੱਜ ਗਿਆ। ਕੁਝ ਪਲਾਂ ਵਿੱਚ ਦੋਵੇਂ ਬਦਮਾਸ਼ ਉਸ ਦੀਆਂ ਅੱਖਾਂ ਦੇ ਸਾਹਮਣੇ ਰਫੂ ਚੱਕਰ ਹੋ ਗਏ।

# ਸੜਕ ਹਾਦਸੇ ਵਿੱਚ ਫੌਜੀ ਸਮੇਤ ਦੋ ਨੌਜਵਾਨਾਂ ਦੀ ਮੌਤ

ਗੜ੍ਹਦੀਵਾਲਾ, 10 ਫਰਵਰੀ (ਪੋਸਟ ਬਿਊਰੋ)- ਕੱਲ੍ਹ ਰਾਤ ਹੁਸ਼ਿਆਰਪੁਰ-ਦਸੂਹਾ ਮਾਰਗ ਉੱਤੇ ਪਿੰਡ ਮਾਛੀਆਂ ਵਿਖੇ ਗੋਲਡਨ ਰਿਜ਼ੋਰਟ ਨੇੜੇ ਇੱਕ ਸੜਕ ਹਾਦਸੇ ਵਿੱਚ ਬੁਲਟ ਸਵਾਰ ਦੋ ਨੌਜਵਾਨਾਂ ਦੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਅਮਨਦੀਪ ਸਿੰਘ ਪੁੱਤਰ ਮੁਨਸ਼ੀ ਰਾਮ ਪਿੰਡ ਕੋਟਲੀ (ਭੂੰਗਾ) ਥਾਣਾ ਹਰਿਆਣਾ ਅਤੇ ਅਵਤਾਰ ਸਿੰਘ ਪੁੱਤਰ ਪ੍ਰੀਤਮ ਸਿੰਘ ਵਾਸੀ ਪੱਸੀ ਕੰਢੀ ਵਜੋਂ ਹੋਈ ਹੈ। ਪੁਲਸ ਇਸ ਦੀ ਜਾਂਚ ਕਰ ਰਹੀ ਹੈ।

ਪਤਾ ਲੱਗਾ ਹੈ ਕਿ ਇਹ ਦੋਵੇਂ ਬੁਲਟ ਸਵਾਰ ਗੜ੍ਹਦੀਵਾਲਾ ਵੱਲੋਂ ਪਿੰਡ ਕੋਟਲੀ (ਭੂੰਗਾ) ਜਾ ਰਹੇ ਸਨ ਤਾਂ ਕਾਰ ਨਾਲ ਟੱਕਰ ਹੋ ਗਈ। ਅਮਨਦੀਪ ਸਿੰਘ ਫੌਜ ਵਿੱਚ ਨੌਕਰੀ ਕਰਦਾ ਸੀ ਤੇ ਕੁਝ ਦਿਨ ਪਹਿਲਾਂ ਛੁੱਟੀ ਉੱਤੇ ਆਇਆ ਸੀ। ਰਾਹਗੀਰਾਂ ਨੇ ਇਸ ਘਟਨਾ ਬਾਰੇ ਬਾਬਾ ਦੀਪ ਸਿੰਘ ਸੇਵਾ ਦਲ ਗੜ੍ਹਦੀਵਾਲਾ ਦੇ ਪ੍ਰਧਾਨ ਮਨਜੋਤ ਸਿੰਘ ਤਲਵੰਡੀ ਨੂੰ ਸੂਚਨਾ ਦਿੱਤੀ ਤੇ ਉਹ ਆਪਣੀ ਟੀਮ ਸਮੇਤ ਘਟਨਾ ਸਥਾਨ ਉੱਤੇ ਪਹੁੰਚੇ, ਪਰ ਉਦੋਂ ਤਕ ਦੋਵਾਂ ਨੌਜਵਾਨਾਂ ਦੀ ਮੌਤ ਹੋ ਚੁੱਕੀ ਸੀ ਤੇ ਕਾਰ ਸਵਾਰ ਆਪਣੀ ਗੱਡੀ ਦੇ ਕਾਗਜ਼ ਕੱਢ ਕੇ ਫਰਾਰ ਹੋ ਚੁੱਕਾ ਸੀ।

# ਲਖੀਮਪੁਰ ਖੀਰੀ ਕਤਲ ਕੇਸ ਵਿਚ ਮੁੱਖ ਦੋਸ਼ੀ ਆਸ਼ੀਸ਼ ਮਿਸ਼ਰਾ ਨੂੰ ਇਲਾਹਾਬਾਦ ਹਾਈਕੋਰਟ ਤੋਂ ਜ਼ਮਾਨਤ ਮਿਲੀ

ਨਵੀਂ ਦਿੱਲੀ, 10 ਫਰਵਰੀ, (ਪੋਸਟ ਬਿਊਰੋ)- ਪਿਛਲੇ ਸਾਲ 3 ਅਕਤੂਬਰ ਨੂੰ ਲਖੀਮਪੁਰ ਖੀਰੀ ਵਿੱਚ ਤਿਕੁਨੀਆ ਵਿੱਚ ਹੋਏ ਟਕਰਾਅ ਅਤੇ ਹਿੰਸਾਵਿੱਚ ਚਾਰ ਕਿਸਾਨਾਂ ਸਣੇ ਅੱਠ ਲੋਕਾਂ ਦੀ ਮੌਤ ਵਾਲੇ ਕੇਸ ਵਿੱਚ ਇਲਾਹਾਬਾਦ ਹਾਈ ਕੋਰਟ ਦੀ ਲਖਨਊ ਬੈਂਚ ਨੇ ਇਸ ਕੇਸ ਦੇ ਮੁੱਖਦੋਸ਼ੀ ਅਤੇ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਉਰਫ਼ ਟੈਨੀ ਦੇ ਪੁੱਤਰ ਆਸ਼ੀਸ਼ ਮਿਸ਼ਰਾ ਉਰਫ਼ ਮੋਨੂੰ ਦੀ ਜ਼ਮਾਨਤ ਮਨਜ਼ੂਰ ਕਰ ਲਈ ਹੈ।



ਲਖੀਮਪੁਰ ਖੀਰੀ ਕਤਲ ਕੇਸ ਦਾ ਮੁੱਖ ਦੋਸ਼ੀ ਆਸ਼ੀਸ਼ ਮਿਸ਼ਰਾ ਉਰਫ ਮੋਨੂੰ ਆਪਣੇ ਸਾਥੀਆਂ ਸਮੇਤ ਪਿਛਲੇਕਰੀਬ ਚਾਰ ਮਹੀਨਿਆਂ ਤੋਂ ਵੱਧ ਸਮੇਂ ਤੋਂ ਲਖੀਮਪੁਰ ਖੀਰੀ ਜੇਲਵਿੱਚ ਬੰਦ ਹੈ।ਅੱਜ ਹਾਈ ਕੋਰਟ ਦੀ ਲਖਨਊ ਬੈਂਚ ਨੇ ਉਸ ਦੀ ਜ਼ਮਾਨਤ ਮਨਜ਼ੂਰ ਕਰ ਲਈ ਹੈ। ਆਸ਼ੀਸ਼ ਮਿਸ਼ਰਾ ਨੂੰ ਉਸ ਦੇ ਸਾਥੀਆਂ ਸਮੇਤ ਕਿਸਾਨਾਂ ਨੂੰ ਕਾਰ ਨਾਲ ਕੁਚਲ ਕੇ ਮਾਰ ਦੇਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਸੀ।ਇਸ ਕੇਸਵਿੱਚ ਅਜੇ ਮਿਸ਼ਰਾ ਦੇ ਜੀਜਾ ਵੀਰੇਂਦਰ ਸ਼ੁਕਲਾ ਨੂੰ ਪਹਿਲਾਂ 10 ਜਨਵਰੀ ਨੂੰ ਅਦਾਲਤ ਤੋਂ ਜ਼ਮਾਨਤ ਮਿਲ ਗਈ ਸੀ।ਕੇਸ ਦੀ ਜਾਂਚ ਕਰਦੀ ਐੱਸ ਆਈ ਟੀ ਨੇ ਸਬੂਤਾਂ ਨੂੰ ਨਸ਼ਟ ਕਰਨ ਦੇ ਦੋਸ਼ ਵਿੱਚ ਵਰਿੰਦਰ ਸ਼ੁਕਲਾ ਨੂੰ ਗ੍ਰਿਫ਼ਤਾਰ ਕੀਤਾ ਸੀ।

ਵਰਨਣ ਯੋਗ ਹੈ ਕਿ ਪਿਛਲੇ ਸਾਲ 3 ਅਕਤੂਬਰ ਨੂੰ ਲਖੀਮਪੁਰ ਖੀਰੀ ਦੇ ਤਿਕੁਨੀਆ ਪਿੰਡ ਵਿਖੇ ਸਰਕਾਰ ਦੇ ਖੇਤੀਬਾੜੀ ਕਾਨੂੰਨਾਂ ਖਿਲਾਫ ਪ੍ਰਦਰਸ਼ਨ ਕਰਦੇ ਚਾਰ ਕਿਸਾਨਾਂ ਨੂੰ ਇੱਕ ਐਸ ਯੂ ਵੀ ਕਾਰ ਨੇ ਕੁਚਲ ਦਿੱਤਾ ਸੀ। ਇਸ ਘਟਨਾ ਪਿੱਛੋਂ ਹੋਈ ਹਿੰਸਾਵਿੱਚ ਕੁਝ ਹੋਰ ਲੋਕ ਮਾਰੇ ਵੀ ਗਏ ਸਨ। ਕਿਸਾਨਾਂ ਨੇ ਦੋਸ਼ ਲਾਇਆ ਸੀ ਕਿ ਐਸ ਯੂ ਵੀ ਕਾਰ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੇ ਕੁਮਾਰ ਮਿਸ਼ਰਾ ਉਰਫ ਟੈਨੀ ਦੀ ਸੀ ਤੇ ਉਸ ਦਾ ਪੁੱਤਰ ਆਸ਼ੀਸ਼ ਮਿਸ਼ਰਾ ਇਸ ਨੂੰ ਚਲਾ ਰਿਹਾ ਸੀ। ਕਈ ਦਿਨਾਂ ਦੇ ਤਨਾਅ ਤੋਂ ਬਾਅਦ ਫੜੇ ਗਏ ਆਸ਼ੀਸ਼ ਮਿਸ਼ਰਾ ਦੀ ਕਈ ਘੰਟੇ ਪੁੱਛਗਿੱਛ ਮਗਰੋਂ 9 ਅਕਤੂਬਰ ਨੂੰ ਉਸ ਨੂੰ ਬਾਕਾਇਦਾ ਗ੍ਰਿਫਤਾਰ ਕੀਤਾ ਗਿਆ ਸੀ।ਕੇਸ ਦੀ ਜਾਂਚ ਕਰਦੀ ਐੱਸ ਆਈ ਟੀ ਨੇ ਆਪਣੀ ਜਾਂਚ ਵਿੱਚ ਪਾਇਆ ਕਿ ਕਿਸਾਨਾਂ ਨੂੰ ਕਾਰ ਨਾਲ ਕੁਚਲਣ ਦੀ ਸਾਰੀ ਘਟਨਾ ਇੱਕ ਸੋਚੀ ਸਮਝੀ ਸਾਜ਼ਿਸ਼ ਸੀ। ਇਸ ਤੋਂ ਬਾਅਦ ਐੱਸ ਆਈ ਟੀ ਨੇ 5000 ਪੰਨਿਆਂ ਦੀ ਚਾਰਜਸ਼ੀਟ ਦਾਇਰ ਕਰ ਕੇ ਆਸ਼ੀਸ਼ ਮਿਸ਼ਰਾ ਨੂੰ ਕਤਲ ਦਾ ਦੋਸ਼ੀ ਦੱਸਿਆ ਸੀ।ਐੱਸ ਆਈ ਟੀ ਨੇ ਇਸ ਘਟਨਾ ਵਿੱਚ 16 ਲੋਕਾਂ ਨੂੰ ਦੋਸ਼ੀ ਬਣਾਇਆ ਸੀ।

# ਪੰਜਾਬ ਵਿੱਚ ਪੁਲਸ ਸੁਰੱਖਿਆ ਹੇਠ ਚੱਲ ਰਹੇ ਅੰਤਰਰਾਸ਼ਟਰੀ ਡਰੱਗ ਰੈਕਟ ਦਾ ਪਰਦਾਫਾਸ਼

### * ਖੇਡ ਪ੍ਰਮੋਟਰ ਜੀਤਾ ਮੌੜ, ਸਾਬਕਾ ਅਤੇ ਮੌਜੂਦਾ ਪੁਲਸ ਵਾਲੇ ਗ੍ਰਿਫਤਾਰ

ਚੰਡੀਗੜ੍ਹ/ਕਪੂਰਥਲਾ, 10 ਫਰਵਰੀ, (ਪੋਸਟ ਬਿਊਰੋ)- ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਦੇ ਸਰਗਰਮੀ ਭਰੇ ਮਾਹੌਲ ਦੇ ਦੌਰਾਨ ਅੱਜ ਇੱਕ ਹਾਈ-ਪ੍ਰੋਫਾਈਲ ਅੰਤਰਰਾਸ਼ਟਰੀ ਡਰੱਗਜ਼ ਰੈਕੇਟ ਦਾ ਪਰਦਾਫਾਸ਼ ਹੋਇਆ ਅਤੇ ਇਹ ਪਹਿਲੀ ਵਾਰ ਹੈ, ਜਦੋਂ ਪੁਲਿਸ ਅਤੇ ਨਸ਼ਾ ਤਸਕਰਾਂ ਦਾ ਗੱਠਜੋੜ ਸਾਹਮਣੇ ਆਇਆ ਹੈ। ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਇਸ ਕਾਰਵਾਈ ਦੇ ਦੌਰਾਨ ਇੱਕ ਬ੍ਰਿਟਿਸ਼ ਨਾਗਰਿਕ ਤੇ ਅੰਤਰਰਾਸ਼ਟਰੀ ਖਿਡਾਰੀ ਰਹਿ ਚੁੱਕੇ ਰਣਜੀਤ ਸਿੰਘ ਉਰਫ਼ ਜੀਤਾ ਮੌੜ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਦੇ ਨਾਲ ਪੰਜਾਬ ਪੁਲਿਸ ਦੇ ਸੇਵਾ ਮੁਕਤ ਥਾਣੇਦਾਰ ਵਿਮਲ ਕਾਂਤ ਤੇ ਮੌਜੂਦਾ ਥਾਣੇਦਾਰ ਮਨੀਸ਼ ਨੂੰ ਵੀ ਇਸ ਕੇਸਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ।





ਮਿਲੀ ਜਾਣਕਾਰੀ ਮੁਤਾਬਿਕ ਇਸ ਗੈਂਗ ਨੇਡਰੱਗ ਡੀਲ ਨਾਲ ਕਮਾਏ ਹੋਏ ਕਰੋੜਾਂ ਰੁਪਏ ਰੀਅਲ ਇਸਟੇਟ ਤੇ ਜ਼ਮੀਨਾਂਖਰੀਦਣਵਿੱਚ ਇਨਵੈਸਟ ਕੀਤੇ ਸਨ। ਰਣਜੀਤ ਸਿੰਘ ਜੀਤਾ ਮੌੜ ਕਪੂਰਥਲਾ ਜ਼ਿਲੇਵਿੱਚ ਆਲੀਸ਼ਾਨ ਬੰਗਲੇਵਿੱਚ ਰਹਿੰਦਾ ਸੀ ਤੇ ਪੋਰਸ਼ੇ, ਔਡੀ ਵਰਗੀਆਂ ਮਹਿੰਗੀਆਂ ਗੱਡੀਆਂਵਿੱਚ ਪੁਲਿਸ ਸੁਰੱਖਿਆਵਿੱਚਡਰੱਗਜ਼ ਸਪਲਾਈ ਕਰਦਾ ਸੀ।ਹੈਰਾਨੀ ਦੀ ਗੱਲ ਹੈ ਕਿ ਉਸਦੀ ਸੁਰੱਖਿਆ ਵਿੱਚ ਲਾਏ ਦੋ ਥਾਣੇਦਾਰ ਉਸਦੀ ਡਰੱਗ ਡੀਲ ਤੇ ਪੈਸੇ ਦਾ ਹਿਸਾਬ ਰੱਖਦੇ ਸੀ। ਰਣਜੀਤ ਸਿੰਘ ਜੀਤਾ ਮੌੜ ਦੇ ਤਾਰ ਪੰਜਾਬ ਦੇ ਕਈ ਵੱਡੇ ਸਿਆਸੀ ਆਗੂਆਂ ਅਤੇ ਵੱਡੇ ਪੁਲਿਸ ਅਫ਼ਸਰਾਂ ਨਾਲ ਵੀ ਜੁੜੇ ਹਨ।ਈ ਡੀ ਇਸ ਦੀ ਜਾਂਚ ਕਰ ਰਹੀ ਹੈ ਕਿ ਕਿਹੜੇ ਰਸੂਖਦਾਰ ਲੋਕਾਂ ਨੂੰ ਡਰੱਗ ਮਨੀ ਦਾ ਹਿੱਸਾ ਗਿਆ ਤੇ ਇਸ ਹਾਈ-ਪ੍ਰੋਫਾਈਲ ਤਸਕਰ ਨੇ ਕਿਸ-ਕਿਸ ਨਾਲ ਮਿਲ ਕੇ ਕਿੱਥੇ ਪੈਸਾ ਨਿਵੇਸ਼ ਕੀਤਾ ਸੀ। ਜੀਤਾ ਮੌੜ ਦੇ ਬੰਗਲੇਵਿੱਚ ਮਿਲੀਆਂ ਆਲੀਸ਼ਾਨ ਗੱਡੀਆਂ ਈ ਡੀ ਨੇ ਜ਼ਬਤ ਕਰ ਲਈਆਂ ਹਨ ਅਤੇ ਉਸ ਦੇ ਘਰ ਤੋਂ ਇੱਕ ਹਥਿਆਰ, 100 ਗ੍ਰਾਮ ਨਸ਼ੀਲਾ ਪਦਾਰਥ ਅਤੇ ਕੁਝ ਲੱਖ ਰੁਪਏ ਨਕਦੀ ਵੀ ਮਿਲੀ ਦੱਸੀ ਗਈ ਹੈ।

ਪੁਲਿਸ ਅਧਿਕਾਰੀਆਂ ਦੇ ਮੁਤਾਬਿਕ ਰਣਜੀਤ ਸਿੰਘ ਜੀਤਾ ਮੌੜ ਦੇ ਸੰਪਰਕਵਿੱਚ ਅਮਰੀਕਾ ਰਹਿੰਦਾ ਗੁਰਜੰਟ ਸਿੰਘ ਤੇ ਕੈਨੇਡਾ ਦਾ ਕਬੱਡੀ ਪਲੇਅਰ ਦਵਿੰਦਰ ਸਿੰਘ ਉਰਫ ਜਵਾਹਰ ਵੀ ਹੈ। ਇੱਕਜਾਂਚ ਰਿਪੋਰਟਵਿੱਚਈ ਡੀ ਨੇ ਜ਼ਿਕਰ ਕੀਤਾ ਸੀ ਕਿ ਰਣਜੀਤ ਸਿੰਘ ਜੀਤਾ ਮੌੜ ਦੇ ਖਾਤੇਵਿੱਚ 27 ਕਰੋੜ ਰੁਪਏ ਦੀਆਂ ਐਂਟਰੀਆਂ ਹੋਈਆਂ ਸਨ, ਪਰ ਇਸ ਆਮਦਨ ਦਾ ਕੋਈ ਠੋਸ ਸਬੂਤ ਉਸ ਕੋਲ ਨਹੀਂ। ਪੰਜਾਬ ਵਿੱਚ ਈ ਡੀ ਨੇ ਜੀਤਾ ਮੌੜ ਦੇ ਖ਼ਿਲਾਫ ਬੁੱਧਵਾਰ ਦੀ ਰਾਤ ਨੂੰ ਕੇਸ ਦਰਜ ਕੀਤਾ ਸੀ। ਉਸ ਦੇ ਪੁਲਿਸ ਤੇ ਸਿਆਸੀ ਲੋਕਾਂ ਨਾਲ ਚੰਗੇ ਲਿੰਕ ਹੋਣ ਕਾਰਨ ਉਸ ਨੂੰ ਸ਼ਾਇਦ ਗ੍ਰਿਫ਼ਤਾਰੀ ਦੀ ਸੂਹ ਲੱਗ ਗਈ ਤੇ ਉਸ ਨੇ ਵਿਦੇਸ਼ ਭੱਜਣ ਦੀ ਕੋਸ਼ਿਸ਼ ਕੀਤੀ, ਪਰ ਏਅਰਪੋਰਟ ਪੁੱਜਣ ਤੋਂ ਪਹਿਲਾਂ ਈ ਡੀ ਨੇ ਉਸਨੂੰ ਫੜ ਲਿਆ।ਉਸ ਦੀ ਸੁਰੱਖਿਆਵਿੱਚ ਲੱਗੇ ਦੋ ਥਾਣੇਦਾਰਾਂ ਵਿੱਚੋਂ ਮੁਨੀਸ਼ ਦੇ ਘਰ ਤੋਂ ਸਾਢੇ 3 ਲੱਖ ਰੁਪਏ ਮਿਲੇ ਹਨ ਅਤੇ ਈ ਡੀ ਨੇ ਉਸ ਦਾ ਲੈਪਟਾਪ ਵੀ ਕਬਜ਼ੇਵਿੱਚ ਲੈ ਲਿਆ ਹੈ।








# ਸੰਪਾਦਕੀ

## ਰੋਚਕ ਹਨ ਨਵੀਂ ਮਦਰਮਸ਼ੁਮਾਰੀ ਵਿੱਚ ਨਵੇਂ ਕੈਨੇਡੀਅਨ ਤੱਥ

-ਕੈਨੇਡੀਅਨ ਪੰਜਾਬੀ ਪੋਸਟ-

ਕੈਨੇਡਾ ਦੇ ਅੰਕੜਾ ਵਿਭਾਗ ਵੱਲੋਂ 2016 ਤੋਂ 2021 ਦੇ ਅਰਸੇ ਲਈ ਕੀਤੀ ਗਈ ਮਰਦਮਸ਼ੁਮਾਰੀ ਦੇ ਨਤੀਜੇ ਪਿਛਲੀ ਦਿਨੀਂ ਜਾਰੀ ਕੀਤੇ ਗਏ। ਇਹਨਾਂ ਸਿੱਟਿਆਂ ਵਿੱਚ ਇੱਕ ਗੱਲ ਸਾਫ਼ ਹੋਈ ਕਿ ਕੈਨੇਡਾ ਦੀ ਆਬਾਦੀ ਵਿੱਚ ਵਾਧੇ ਦਾ ਇੱਕੋ ਇੱਕ ਕਾਰਣ ਪਰਵਾਸੀਆਂ ਦਾ ਆਉਣਾ ਹੈ। ਬੀਤੇ ਪੰਜ ਸਾਲਾਂ ਵਿੱਚ ਕੈਨੇਡਾ ਦੀ ਜਨਸੰਖਿਆ ਵਿੱਚ 5.2% ਵਾਧਾ ਹੋਇਆ ਹੈ। ਕੈਨੇਡਾ ਦੇ ਸਮੁੱਚੇ G7 ਮੁਲਕਾਂ ਵਿੱਚੋਂ ਸੱਭ ਤੋਂ ਵੱਧ ਆਬਾਦੀ ਦੀ ਦਰ ਦਰਜ਼ ਕਰਵਾਉਣ ਵਿੱਚ ਪਰਵਾਸੀਆਂ ਨੇ 80% ਯੋਗਦਾਨ ਪਾਇਆ ਹੈ। ਹੁਣ ਸਾਡੇ ਮੁਲਕ ਦੀ ਆਬਾਦੀ 36.99 ਮਿਲੀਅਨ ਹੈ ਭਾਵ 3 ਕਰੋੜ 69 ਲੱਖ ਦੇ ਕਰੀਬ ਹੈ। ਥੋੜਾ ਹੋਰ ਹੰਭਲਾ ਮਾਰਨ ਨਾਲ ਗੱਲ 37 ਮਿਲੀਅਨ ਤੱਕ ਪੁੱਜ ਜਾਵੇਗੀ। 2016 ਤੋਂ ਲੈ ਕੇ 2021 ਤੱਕ 18 ਮਿਲੀਅਨ ਵਧੇਰੇ ਲੋਕ ਇਸ ਦੇਸ਼ ਨੂੰ ਆਪਣਾ ਘਰ ਆਖਣ ਲੱਗੇ ਹਨ।

ਕੈਨੇਡਾ ਦੀ ਆਬਾਦੀ ਵਿੱਚ ਵਾਧੇ ਦੀ 5.2% ਦਰ ਬਿਲਕੁਲ ਭਾਰਤ ਦੀ ਆਬਾਦੀ ਵਿੱਚ ਹੋ ਰਹੇ ਵਾਧੇ ਦੇ ਬਰਾਬਰ ਹੈ। ਕੈਨੇਡਾ ਦੇ ਅੰਕੜਾ ਵਿਭਾਗ ਮੁਤਾਬਿਕ G20 ਦੇਸ਼ਾਂ ਵਿੱਚ ਸੱਭ ਤੋਂ ਵੱਧ ਦਰ 8.9% ਨਾਲ ਵਾਧਾ ਸਾਊਦੀ ਅਰਬੀਆ ਵਿੱਚ ਹੋ ਰਿਹਾ ਹੈ ਜਦੋਂ ਕਿ ਸੱਭ ਤੋਂ ਘੱਟ ਵਾਧਾ ਮਨਫੀ 2% ਇਟਲੀ ਵਿੱਚ। ਆਸਟਰੇਲੀਆ, ਦੱਖਣੀ ਅਫਰੀਕਾ, ਤੁਰਕੀ, ਇੰਡੋਨੇਸ਼ੀਆ ਮੈਕਸੀਕੋ ਹੋਰ G20 ਦੇਸ਼ ਹਨ ਜਿਹਨਾਂ ਦੀ ਵਾਧਾ ਦਰ ਕੈਨੇਡਾ ਨਾਲੋਂ ਵੱਧ ਹੈ ਜਦੋਂ ਅਰਜਨਟਾਈਨਾ, ਬਰਾਜ਼ੀਲ, ਇੰਗਲੈਂਡ, ਅਮਰੀਕਾ ਅਤੇ ਚੀਨ ਸਾਡੇ ਤੋਂ ਪਿੱਛੇ ਹਨ।

ਪਿਛਲੇ ਪੰਜ ਸਾਲਾਂ ਦੀ ਗੱਲ ਕਰਦੇ ਹੋਏ ਕੋਵਿਡ 19 ਦੀ ਮਹਾਮਾਰੀ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਅਤੇ ਸੁਭਾਵਿਕ ਹੈ ਕਿ ਇਸਦਾ ਅਸਰ ਜਨਸੰਖਿਆ ਉੱਤੇ ਵੀ ਪਿਆ ਹੈ। ਕੋਵਿਡ ਦੇ ਚੱਲਦੇ ਦੋ ਸਾਲਾਂ ਤੋਂ ਨਵੇਂ ਪਰਵਾਸੀਆਂ ਦਾ ਕੈਨੇਡਾ ਅੰਦਰ ਆਉਣਾ ਲੱਗਭੱਗ ਰੁਕਿਆ ਹੋਇਆ ਹੈ ਜਿਸ ਕਾਰਣ 2020 ਅਤੇ 2021 ਵਿੱਚ ਸੱਭ ਤੋਂ ਘੱਟ ਵਾਧਾ ਨੋਟਿਸ ਕੀਤਾ ਗਿਆ। ਜਦੋਂ ਕੈਨੇਡੀਅਨ ਵੱਸੋਂ ਦੀ ਗੱਲ ਕੀਤੀ ਜਾਂਦੀ ਹੈ ਤਾਂ ਇਸਨੂੰ ਹਰ ਕੈਨੇਡੀਅਨ ਔਰਤ ਦੇ ਬੱਚੇ ਜੰਮਣ ਦੀ ਸਮਰੱਥਾ ਨਾਲ ਜੋੜ ਕੇ ਵੇਖਿਆ ਜਾਣਾ ਹੁੰਦਾ ਹੈ। ਪਿਛਲੇ ਪੰਜ ਸਾਲਾਂ ਵਿੱਚ ਬੱਚੇ ਜੰਮਣ ਵਿੱਚ ਸਮਰੱਥ ਕੈਨੇਡੀਅਨ ਔਰਤ ਨੇ ਔਸਤਨ 1.4 ਬੱਚਿਆਂ ਨੂੰ ਜਨਮ ਦਿੱਤਾ। ਜੇ ਕਿਸੇ ਮੁਲਕ ਨੇ ਕੁਦਰਤੀ ਢੰਗ ਨਾਲ ਆਪਣੀ ਜਨਸੰਖਿਆ ਦਾ ਸੰਤੁਲਨ ਬਣਾ ਕੇ ਰੱਖਣਾ ਹੋਵੇ ਤਾਂ ਪ੍ਰਤੀ ਔਰਤ 2.1 ਬੱਚੇ ਜੰਮਣੇ ਚਾਹੀਦੇ ਹਨ। ਵਿਕਸਿਤ ਮੁਲਕਾਂ ਵਿੱਚ ਬੱਚਿਆਂ ਦੇ ਜੰਮਣ ਨੂੰ ਆਰਥਕਤਾ ਨਾਲ ਵੀ ਜੋੜ ਕੇ ਵੇਖਿਆ ਜਾਂਦਾ ਹੈ। ਜੇ ਬੱਚੇ ਜੰਮਣ ਦੀ ਦਰ ਪ੍ਰਤੀ ਔਰਤ 2.1 ਤੋਂ ਘੱਟ ਹੋਵੇ ਤਾਂ ਮੁਲਕ ਅੰਦਰ ਖਤਪਕਾਰੀ ਵੀ ਪ੍ਰਭਾਵਿਤ ਹੁੰਦੀ ਹੈ। ਇਸ ਨਜ਼ਰੀਏ ਤੋਂ ਵੇਖਿਆਂ ਸਮਝਿਆ ਜਾ ਸਕਦਾ ਹੈ ਕਿ ਵੱਡੀਆਂ ਵਿਉਪਾਰਕ ਕੈਨੇਡੀਅਨ ਕਾਰਪੋਰੇਸ਼ਨਾਂ ਪਰਵਾਸੀਆਂ ਦੀ ਆਮਦ ਨੂੰ 'ਸ਼ੁਭ ਸ਼ਗਨ' ਕਿਉਂ ਸਮਝਦੀਆਂ ਹਨ।

ਕੋਵਿਡ 19 ਨੇ ਇੱਕ ਹੋਰ ਪ੍ਰਭਾਵ ਇਹ ਪਾਇਆ ਕਿ ਕੈਨੇਡੀਅਨਾਂ ਨੇ ਲਾਮਾਂ ਬੰਨ ਬੰਨ ਕੇ ਵੱਡੇ ਸ਼ਹਿਰਾਂ ਤੋਂ ਛੋਟੇ ਸ਼ਹਿਰਾਂ ਵੱਲ ਵਹੀਰਾਂ ਘੱਤੀਆਂ। ਇਹੀ ਕਾਰਣ ਹੈ ਕਿ ਲੰਡਨ ਉਂਟੇਰੀਓ ਦੀ ਜਨਸੰਖਿਆ ਵਿੱਚ 10% ਵਾਧਾ ਨੋਟਿਸ ਕੀਤਾ ਗਿਆ। ਬੇਸ਼ੱਕ ਵੱਡੇ ਸ਼ਹਿਰ ਹਾਲੇ ਵੀ ਵੱਡੇ ਹੀ ਹਨ ਅਤੇ ਇਹਨਾਂ ਦੀ ਵੱਸੋਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ ਪਰ ਮਹਾਮਾਰੀ ਨੇ ਕਈ ਛੋਟੇ ਅਤੇ ਅਣਗੌਲੇ ਇਲਾਕਿਆਂ ਦੀਆਂ ਪੌਂ ਬਾਰਾਂ ਕੀਤੀਆਂ।

ਕਈ ਤੱਥ ਹਨ ਜੋ ਉਂਟੇਰੀਓ ਦੀ ਵੱਸੋਂ ਬਾਰੇ ਦਿਲਚਸਪ ਹਨ। ਮਿਸਾਲ ਵਜੋਂ ਜਾਰਜੀਅਨ ਬੇਅ ਦੀ ਕੁੱਖ ਵਿੱਚ ਵੱਸੇ ਪਿੰਡ Henvey Inlet ਦੀ ਆਬਾਦੀ ਵਿੱਚ 200% ਵਾਧਾ ਹੋਇਆ ਹੈ। 2016 ਵਿੱਚ ਮੂਲਵਾਸੀਆਂ ਦੇ ਇਸ ਪਿੰਡ ਵਿੱਚ ਸਿਰਫ਼ 5 ਲੋਕ ਵੱਸਦੇ ਸਨ ਜੋ 2021 ਵਿੱਚ ਵੱਧ ਕੇ 15 ਹੋ ਗਏ ਹਨ। ਇਵੇਂ ਹੀ ਸਾਊਥ ਈਸਟ ਕੋਚਰੇਨ ਜ਼ਿਲੇ ਦੇ ਇੱਕ ਪਿੰਡ ਵਿੱਚ 2016 ਵਿੱਚ ਸਿਰਫ਼ ਦਸ ਲੋਕ ਸਨ ਜੋ 2021 ਵਿੱਚ 25 ਬੰਦਿਆਂ ਦਾ ਪਿੰਡ ਬਣ ਗਿਆ ਹੈ। ਜੇ ਪੰਜਾਬ ਵਿੱਚ ਅਜਿਹੇ ਪਿੰਡਾਂ ਬਾਰੇ ਗੱਲ ਕੀਤੀ ਜਾਵੇ ਤਾਂ ਸ਼ਾਇਦ ਕਈ ਆਖ ਦੇਣ ਕਿ ਚਲੋ ਸਾਨੂੰ ਇਹਨਾਂ ਪਿੰਡਾਂ ਵਿੱਚ ਹੀ ਵਸਾ ਦਿਓ, ਆਖਰ ਨੂੰ ਹੈ ਤਾਂ ਕੈਨੇਡਾ ਹੀ।

ਜਨਸੰਖਿਆ ਦੀ ਗੱਲ ਹੋਵੇ ਅਤੇ ਬਰੈਂਪਟਨ ਮਿਸੀਸਾਗਾ ਖ਼ਬਰਾਂ ਵਿੱਚੋਂ ਬਾਹਰ ਹੋਣ ਤਾਂ ਗੱਲ ਹੈਰਾਨੀ ਵਾਲੀ ਲੱਗਦੀ ਹੈ। ਰੀਜਨ ਆਫ ਪੀਲ ਪਿਛਲੇ ਕਈ ਦਹਾਕਿਆਂ ਤੋਂ Census Bulletins ਛਾਪਦਾ ਆਇਆ ਹੈ ਜਿਸਤੋਂ ਬਰੈਂਪਟਨ, ਮਿਸੀਸਾਗਾ ਅਤੇ ਕੈਲੀਡਾਨ ਵਿੱਚ ਚੱਲ ਰਹੇ ਜਨਸੰਖਿਆ ਦੇ ਰੁਝਾਨਾਂ ਬਾਰੇ ਪਤਾ ਲੱਗਦਾ ਹੈ। ਇਸ ਵਾਰੀ ਇਸ ਬਾਰੇ ਰੀਜਨ ਆਫ ਪੀਲ ਦੀ ਚੁੱਪ ਦਾ ਕਾਰਣ ਪਤਾ ਨਹੀਂ ਲੱਗ ਸਕਿਆ। ਇਵੇਂ ਹੀ ਸਥਾਨਕ ਅਖ਼ਬਾਰਾਂ ਜਾਂ ਵੈਬਸਾਈਟਾਂ ਨੇ ਵੀ ਮਰਦਮਸ਼ੁਮਾਰੀ ਬਾਰੇ ਗੱਲ ਨਹੀਂ ਕੀਤੀ। ਕੀ ਇਹਨਾਂ ਸ਼ਹਿਰਾਂ ਵਿੱਚ ਆਬਾਦੀ ਦਾ ਵੱਧਣਾ ਜਾਂ ਘੱਟਣਾ ਹੁਣ ਕੋਈ ਖ਼ਬਰ ਨਹੀਂ ਰਹੀ?

# ਓਨਟਾਰੀਓ ਦੀ ਅਦਾਲਤ ਨੇ ਫਰੀਡਮ ਕੌਨਵੌਏ ਲਈ ਫੰਡਜ਼ ਉੱਤੇ ਲਾਈ ਰੋਕ

...ਪੰਨਾ 1 ਦਾ ਬਾਕੀ

ਇਸ ਦੌਰਾਨ ਓਟਵਾ, ਵਿੰਡਸਰ, ਸਾਰਨੀਆ ਸਮੇਤ ਓਨਟਾਰੀਓ ਦੇ ਕਈ ਸ਼ਹਿਰਾਂ ਵਿੱਚ ਇਨ੍ਹਾਂ ਮੁਜ਼ਾਹਰਿਆਂ ਕਾਰਨ ਪੈਦਾ ਹੋਏ ਤਣਾਅ ਦੇ ਚੱਲਦਿਆਂ ਪ੍ਰੀਮੀਅਰ ਡੱਗ ਫੋਰਡ ਨੇ ਵੀਰਵਾਰ ਨੂੰ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਪ੍ਰੋਵਿੰਸ ਨੇ ਫਰੀਡਮ ਕੌਨਵੌਏ ਲਈ ਇੱਕਠੀਆਂ ਕੀਤੀਆਂ ਡੋਨੇਸ਼ਨਜ਼ ਦੀ ਵੰਡ ਉੱਤੇ ਰੋਕ ਲਾਉਣ ਲਈ ਕੋਰਟ ਆਰਡਰ ਹਾਸਲ ਕਰ ਲਏ ਹਨ। ਇਨ੍ਹਾਂ ਹੁਕਮਾਂ ਤਹਿਤ ਫਰੀਡਮ ਕੌਨਵੌਏ 2022 ਤੇ ਗਿਵਸੈਂਡਗੋ ਉੱਤੇ ਚਲਾਈ ਜਾ ਰਹੀ ਅਡੌਪਟ ਅ ਟਰੱਕਰ ਕੈਂਪੇਨ ਨੂੰ ਦਿੱਤੀਆਂ ਜਾਣ ਵਾਲੀਆਂ ਡੋਨੇਸ਼ਨਾਂ ਉੱਤੇ ਅਦਾਲਤ ਵੱਲੋਂ ਰੋਕ ਲਾ ਦਿੱਤੀ ਗਈ ਹੈ।

ਜ਼ਿਕਰਯੋਗ ਹੈ ਕਿ ਗੋਫੰਡਮੀ ਵੱਲੋਂ ਫਰੀਡਮ ਕੌਨਵੌਏ ਕੈਂਪੇਨ, ਜਿਸ ਤਹਿਤ 10 ਮਿਲੀਅਨ ਡਾਲਰ ਇੱਕਠੇ ਕੀਤੇ ਗਏ ਸਨ, ਨੂੰ ਖਤਮ ਕਰਨ ਤੋਂ ਬਾਅਦ ਫੰਡਰੇਜ਼ਿੰਗ ਦਾ ਕੰਮ ਅਮਰੀਕਾ ਸਥਿਤ ਪਲੇਟਫਾਰਮ ਨੂੰ ਸੌਂਪ ਦਿੱਤਾ ਗਿਆ ਸੀ। ਇਸ ਦੌਰਾਨ ਪਬਲਿਕ ਸੇਫਟੀ ਮੰਤਰੀ ਮਾਰਕੋ ਮੈਂਡੀਸਿਨੋ ਨੇ ਵੀਰਵਾਰ ਨੂੰ ਪ੍ਰਸ਼ਨ ਕਾਲ ਦੌਰਾਨ ਪੱਤਰਕਾਰਾਂ ਕੋਲ ਇਸ ਗੱਲ ਦੀ ਪ੍ਰਸ਼ਟੀ ਕੀਤੀ ਕਿ ਓਟਵਾ, ਵਿੰਡਸਰ, ਓਨਟਾਰੀਓ ਤੇ ਕੂਟਸ, ਅਲਬਰਟਾ ਵਿੱਚ ਜਾਰੀ ਜਾਮ ਨੂੰ ਖ਼ਤਮ ਕਰਨ ਲਈ ਆਰਸੀਐਮਪੀ ਹੋਰ ਸਰੋਤ ਭੇਜੇਗੀ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇਹ ਆਖਿਆ ਸੀ ਕਿ ਇਸ ਤਰ੍ਹਾਂ ਦੇ ਬੈਰੀਕੇਡਜ਼ ਸਵੀਕਾਰਨਯੋਗ ਨਹੀਂ ਹਨ।

# ਫਾਇਰ ਟਰੱਕ ਚੋਰੀ ਕਰਨ ਵਾਲੀ ਮਹਿਲਾ ਗ੍ਰਿਫਤਾਰ



ਟੋਰਾਂਟੋ, 10 ਫਰਵਰੀ (ਪੋਸਟ ਬਿਊਰੋ) : ਕਥਿਤ ਤੌਰ ਉੱਤੇ ਇੱਕ ਫਾਇਰ ਟਰੱਕ ਚੋਰੀ ਕਰਨ ਵਾਲੀ 28 ਸਾਲਾ ਮਹਿਲਾ ਨੂੰ ਪੁਲਿਸ ਵੱਲੋਂ ਗ੍ਰਿਫਤਾਰ ਕਰ ਲਿਆ ਗਿਆ।

ਸਵੇਰੇ 4:45 ਉੱਤੇ ਇਹ ਮਹਿਲਾ ਕੁਈਨ ਸਟਰੀਟ ਈਸਟ ਤੇ ਵੁੱਡਬਾਈਨ ਐਵਨਿਊ ਸਥਿਤ ਫਾਇਰ ਸਟੇਸ਼ਨ ਵਿੱਚ ਦਾਖਲ ਹੋਣ ਵਿੱਚ ਕਾਮਯਾਬ ਹੋ ਗਈ ਤੇ ਉੱਥੋਂ ਉਸ ਨੇ ਨਿੱਕਾ ਫਾਇਰ ਟਰੱਕ ਚੋਰੀ ਕਰ ਲਿਆ। ਪੁਲਿਸ ਨੇ ਆਖਿਆ ਕਿ ਉਹ ਸਟੇਸ਼ਨ ਦੇ ਸਾਹਮਣੇ ਵਾਲੇ ਹਿੱਸੇ ਤੋਂ ਲੰਘਿਆ ਤੇ ਇਸ ਦੌਰਾਨ ਉਸ ਨੇ ਸਟੇਸ਼ਨ ਦਾ ਦਰਵਾਜ਼ਾ ਵੀ ਤੋੜ ਦਿੱਤਾ।

ਪਰ ਜਲਦ ਹੀ ਇਸ ਮਹਿਲਾ ਨੂੰ ਗ੍ਰਿਫਤਾਰ ਕਰ ਲਿਆ ਗਿਆ। ਚੋਰੀ ਦੇ ਇਸ ਫਾਇਰ ਟਰੱਕ ਨੂੰ ਸਟੇਸ਼ਨ ਤੋਂ ਛੇ ਕਿਲੋਮੀਟਰ ਦੀ ਦੂਰੀ ਉੱਤੇ ਪੋਰਟ ਲੈਂਡਜ਼ ਵਿੱਚ ਅਨਵਿਨ ਐਵਨਿਊ ਉੱਤੇ ਹੀ ਰੋਕ ਲਿਆ ਗਿਆ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਕਾਂਗਰਸੀ ਐੱਮ ਪੀ ਜਸਬੀਰ ਡਿੰਪੇ ਦਾ ਭਰਾ ਰਾਜਨ ਸਮਰਥਕਾਂ ਸਮੇਤ ਅਕਾਲੀ ਦਲ ਵਿੱਚ ਸ਼ਾਮਲ

ਅੰਮ੍ਰਿਤਸਰ, 10 ਫਰਵਰੀ (ਪੋਸਟ ਬਿਊਰੋ)- ਮਾਝਾ ਖੇਤਰ ਵਿੱਚ ਕਾਂਗਰਸ ਨੂੰ ਉਸ ਵੇਲੇ ਵੱਡਾ ਝਟਕਾ ਲੱਗਾ ਜਦੋਂ ਹਲਕਾ ਖਡੂਰ ਸਾਹਿਬ ਤੋਂ ਕਾਂਗਰਸ ਪਾਰਲੀਮੈਂਟਮੈਂਬਰ ਜਸਬੀਰ ਸਿੰਘ ਡਿੰਪਾ ਗਿੱਲ ਦੇ ਭਰਾ ਹਰਪਿੰਦਰ ਸਿੰਘ ਰਾਜਨ ਗਿੱਲ ਆਪਣੇ ਪਰਵਾਰ ਤੇ ਸੈਂਕੜੇ ਸਮਰਥਕਾਂ ਸਮੇਤ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ। ਉਨ੍ਹਾਂ ਦਾ ਸ਼੍ਰੋਮਣੀ ਅਕਾਲੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਜਨਰਲ ਸੈਕਟਰੀ ਬਿਕਰਮ ਸਿੰਘ ਮਜੀਠੀਆ ਨੇ ਸਵਾਗਤ ਕਰਦਿਆਂ ਕਿਹਾ ਕਿ ਮਾਝੇ ਦੇ ਟਕਸਾਲੀ ਗਿੱਲ ਪਰਵਾਰ ਦੇ ਅਕਾਲੀ ਦਲ ਵਿੱਚ ਸ਼ਾਮਲ ਹੋਣ ਨਾਲ ਮਾਝਾ ਖੇਤਰ ਵਿੱਚ ਕਾਂਗਰਸ ਦਾ ਮੁਕੰਮਲ ਸਫਾਇਆ ਹੋ ਗਿਆ ਅਤੇ ਅਕਾਲੀ ਪਾਰਟੀ ਨੂੰ ਤਕੜਾ ਹੁਲਾਰਾ ਮਿਲਿਆ ਹੈ।

ਇਸ ਮੌਕੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਰਾਜਨ ਗਿੱਲ ਨੂੰ ਪਾਰਟੀ ਦਾ ਜਨਰਲ ਸੈਕਟਰੀ ਨਿਯੁਕਤ ਕਰਨ ਦਾ ਐਲਾਨ ਵੀ ਕੀਤਾ। ਰਾਜਨ ਗਿੱਲ ਨੇ ਕਿਹਾ ਕਿ ਉਹ ਆਪਣੇ 'ਗਿੱਲ ਪਰਵਾਰ' ਦੀ ਸਹਿਮਤੀ ਨਾਲ ਅਕਾਲੀ ਦਲ ਵਿੱਚ ਸ਼ਾਮਲ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਸਮੁੱਚਾ ਡਿੰਪਾ ਪਰਵਾਰ ਕਾਂਗਰਸ ਵੱਲੋਂ ਟਿਕਟਾਂ ਵੇਚੇ ਜਾਣ ਦੇ ਤਰੀਕੇ ਤੋਂ ਨਾਖ਼ੁਸ਼ ਹੈ। ਕਾਂਗਰਸ ਦੇ ਆਗੂ ਹਰੀਸ਼ ਚੌਧਰੀ, ਨਵਜੋਤ ਸਿੰਘ ਸਿੱਧੂ ਤੇ ਚਰਨਜੀਤ ਸਿੰਘ ਚੰਨੀ ਉੱਤੇ ਟਿਕਟਾਂ ਵੇਚਣ ਦਾ ਦੋਸ਼ ਲਾਉਂਦਿਆਂ ਉਨ੍ਹਾਂ ਕਿਹਾ ਕਿ ਬਾਬਾ ਬਕਾਲਾ ਸਾਹਿਬ ਅਤੇ ਖਡੂਰ ਸਾਹਿਬ ਹਲਕਿਆਂ ਤੋਂ ਰੇਤ ਮਾਫੀਆ ਦੇ ਸਰਗਣਿਆਂ ਤੇ ਜ਼ਹਿਰੀਲੀ ਸ਼ਰਾਬ ਨਾਲ ਮੌਤਾਂ ਹੋਣ ਦੇ ਮਾਮਲੇ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਕਰੋੜਾਂ ਰੁਪਏ ਲੈ ਕੇ ਟਿਕਟਾਂ ਦਿੱਤੀਆਂ ਗਈਆਂ ਹਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh |
| **Photographer** | Kanwaljit Singh Kanwal |
| **Distributer**<br>Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# 'ਮੋਦੀ ਜੀ, ਨੀਤੀਆਂ ਬਦਲੋ, ਜੀ ਐਸ ਟੀ ਨੇ ਬਰਬਾਦ ਕਰ ਦਿੱਤੈ'

## *ਕਾਰੋਬਾਰੀ ਨੇ ਪਤਨੀ ਸਣੇ ਖਾਧਾ ਜ਼ਹਿਰ



ਬਾਗਪਤ, 10 ਫਰਵਰੀ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਦੇ ਬਾਗਪਤ ਵਿੱਚ ਆਰਥਿਕ ਤੰਗੀ ਨਾਲ ਜੂਝ ਰਹੇ ਜੁੱਤੀਆਂ ਦੇ ਇੱਕ ਕਾਰੋਬਾਰੀ ਨੇ ਆਪਣੀ ਪਤਨੀ ਸਮੇਤ ਕੱਲ੍ਹ ਫ਼ੇਸਬੁੱਕ ਉੱਤੇ ਲਾਈਵ ਹੋ ਕੇ ਜ਼ਹਿਰ ਖਾ ਲਿਆ।

ਉਸ ਕੋਲੋਂ ਮਿਲੇ ਦੋ ਮਿੰਟ ਦੇ ਇਸ ਵੀਡੀਓ ਵਿੱਚ 40 ਸਾਲਾ ਰਾਜੀਵ ਤੋਮਰ ਕਹਿ ਰਹੇ ਹਨ ਕਿ ਜੀ ਐਸ ਟੀ ਕਾਰਨ ਉਨ੍ਹਾਂ ਦਾ ਕਾਰੋਬਾਰ ਠੱਪ ਹੋ ਗਿਆ ਹੈ। ਇਸ ਦੌਰਾਨ ਉਹ ਥੈਲੀ ਖੋਲ੍ਹ ਕੇ ਉਸ ਵਿੱਚੋਂ ਕੁਝ ਕੱਢ ਕੇ ਖਾਂਦੇ ਨਜ਼ਰ ਆ ਰਹੇ ਹਨ ਤਾਂ ਕੋਲ ਬੈਠੀ ਉਸ ਦੀ ਪਤਨੀ ਪੂਨਮ ਨੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਅਸਫ਼ਲ ਰਹੀ। ਇਸਤੋਂ ਬਾਅਦ ਪੂਨਮ ਨੇ ਵੀ ਜ਼ਹਿਰ ਖਾ ਲਿਆ। ਇਸ ਦੌਰਾਨ ਤੋਮਰ ਰੋਂਦੇ ਹੋਏ ਬੋਲ ਰਿਹਾ ਹੈ ਕਿ''ਮੈਨੂੰ ਲੱਗਦਾ ਹੈ ਕਿ ਮੈਨੂੰ ਬੋਲਣ ਦੀ ਆਜ਼ਾਦੀ ਹੈ। ਮੇਰੇ ਸਿਰ ਜੋ ਕਰਜ਼ਾ ਹੈ, ਮੈਂ ਉਸਨੂੰ ਮੋੜ ਜਾਵਾਂਗਾ। ਮੇਰੀ ਸਾਰਿਆਂ ਨੂੰ ਬੇਨਤੀ ਹੈ ਕਿ ਇਸ ਵੀਡੀਓ ਨੂੰ ਵੱਧ ਤੋਂ ਵੱਧ ਸ਼ੇਅਰ ਕਰੋ ਜੀ। ਮੈਂ ਦੇਸ਼ਧ੍ਰੋਹੀ ਨਹੀਂ ਹਾਂ, ਮੈਨੂੰ ਆਪਣੇ ਦੇਸ਼ ਉਤੇ ਵਿਸ਼ਵਾਸ ਹੈ, ਪਰ ਮੈਂ ਮੋਦੀ ਜੀ (ਪ੍ਰਧਾਨ ਮੰਤਰੀ) ਨੂੰ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਛੋਟੇ ਕਾਰੋਬਾਰੀਆਂ ਅਤੇ ਕਿਸਾਨਾਂ ਦੇ ਹਿਤੈਸ਼ੀ ਨਹੀਂ ਹੋ। ਆਪਣੀਆਂ ਨੀਤੀਆਂ ਬਦਲੋ।' ਇਸ ਮੌਕੇ ਉਸ ਨੂੰ ਫ਼ੇਸਬੁੱਕ ਉੱਤੇ ਲਾਈਵ ਦੇਖ ਰਹੇ ਕੁਝ ਲੋਕਾਂ ਨੇ ਪੁਲਸ ਨੂੰ ਫ਼ੋਨ ਕੀਤਾ। ਸੂਚਨਾ ਮਿਲਦੇ ਸਾਰ ਪੁਲਸ ਮੌਕੇ ਉੱਤੇ ਪਹੁੰਚ ਗਈ ਅਤੇ ਦੋਵਾਂ ਪਤੀ-ਪਤਨੀ ਨੂੰ ਹਸਪਤਾਲ ਪਹੁੰਚਾਇਆ। ਤੋਮਰ ਦੀ 38 ਸਾਲਾ ਪਤਨੀ ਪੂਨਮ ਦੀ ਹਸਪਤਾਲ ਵਿੱਚ ਮੌਤ ਹੋ ਗਈ।ਪਰਵਾਰ ਦੇ ਮੁਤਾਬਕਰਾਜੀਵ ਦੀ ਜੁੱਤੀਆਂ ਦੀ ਦੁਕਾਨ ਬਾਵਲੀ ਰੋਡ ਉੱਤੇਹੈ, ਮਾਰਚ 2020 ਵਿੱਚ ਲੱਗੀ ਤਾਲਾਬੰਦੀ ਵਿੱਚ ਉਸ ਦਾ ਕਾਰੋਬਾਰ ਬਰਬਾਦ ਹੋ ਗਿਆ ਅਤੇ ਉਸ ਦੌਰਾਨ ਉਸ ਦੇ ਕਰੀਬ ਛੇ ਲੱਖ ਰੁਪਏ ਦੀ ਕੀਮਤ ਦੇ ਜੁੱਤੇ ਖ਼ਰਾਬ ਹੋ ਗਏ। ਇਸ ਦੌਰਾਨ ਵਪਾਰ ਬਚਾਉਣ ਦੀ ਕੋਸ਼ਿਸ਼ ਵਿੱਚ ਉਹ ਹੋਰ ਕਰਜ਼ੇ ਵਿੱਚ ਡੁੱਬ ਗਿਆ।

ਯੂਪੀ ਵਿਧਾਨ ਸਭਾ ਚੋਣਾਂ ਦੇ ਪਹਿਲੇ ਪੜਾਅ ਵਿੱਚ 10 ਫਰਵਰੀ ਨੂੰ ਬਾਗਪਤ ਵਿੱਚ ਵੋਟਿੰਗ ਹੋਈ ਹੈ। ਅਜਿਹੇ ਵਿੱਚ ਵਿਰੋਧੀ ਪਾਰਟੀਆਂ ਵੀ ਇਸ ਘਟਨਾ ਨੂੰ ਜ਼ੋਰਦਾਰ ਢੰਗ ਨਾਲ ਉਠਾ ਰਹੀਆਂ ਹਨ। ਪ੍ਰਿਅੰਕਾ ਗਾਂਧੀ ਵਾਡਰਾ ਸਮੇਤ ਕਈ ਨੇਤਾਵਾਂ ਨੇ ਇਸ ਘਟਨਾ ਨੂੰ ਲੈ ਕੇ ਭਾਜਪਾ ਸਰਕਾਰ ਉੱਤੇ ਨਿਸ਼ਾਨਾ ਕੱਸਿਆ ਹੈ।

# ਮਾਨਵੀ ਮੁਹੱਬਤਾਂ ਦੀਆਂ ਨਵਾਂ ਪਿਰਤਾਂ ਪਾਉਂਦਾ, ਅਮਰ ਕਰਮਾ ਨੈਟਵਰਕ ਦਾ 12ਵਾਂ ਸਲਾਨਾ 'ਗਿਵ ਅ ਹਾਰਟ'










ਪਿਛਲੇ 12 ਸਾਲਾਂ ਤੋਂ ਜੀ ਟੀ ਏ ਵਿਚ, ਫਰਵਰੀ ਦੇ ਪਹਿਲੇ ਹਫਤੇ, valentine's day ਮਨਾਉਣ ਦੇ ਮਕਸਦ ਨਾਲ ਅਮਰ ਕਰਮਾ ਦੇ ਨੌਜਵਾਨ ਇਕ ਵਿਲੱਖਣ ਪਹਿਲ ਕਦਮੀ ਕਰਦੇ ਆ ਰਹੇ ਹਨ। ਇਸ ਵਿਚ ਸੰਸਥਾ ਦੇ ਮੋਢੀਆਂ ਵਲੋਂ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਨੌਜਵਾਨਾਂ ਨੂੰ ਪਿਆਰ ਮੁਹੱਬਤ ਦੇ ਇਸ ਦਿਨ ਦੇ ਵੱਖਰੇ ਅਤੇ ਵਿਲੱਖਣ ਮਾਅਨਿਆਂ ਨਾਲ ਜੋੜਿਆ ਜਾਵੇ। ਹਰ ਸਾਲ 16 ਸਾਲਾ ਦੀ ਉਮਰ ਵਿਚ ਪ੍ਰਵੇਸ਼ ਕਰ ਰਹੇ ਬੱਚੇ ਅੰਗਦਾਨ ਦੀ ਰੈਜਿਸਟਰਡ ਸੂਚੀ ਵਿਚ ਸ਼ਾਮਿਲ ਹੁੰਦੇ ਹਨ ਅਤੇ ਸਟੇਜ ਤੇ ਆ ਕੇ ਅਗਲੇ ਸਾਲ ਲਈ ਨਵੇਂ ਗਰੁੱਪ ਨੂੰ ਉਤਸ਼ਾਹਿਤ ਕਰਦੇ ਹਨ। ਇਸ ਸੈਗਮੇਂਟ ਨੂੰ special sixteen ਦਾ ਨਾਮ ਦਿੱਤਾ ਗਿਆ ਹੈ। ਪਿਛਲੇ ਵਰੇ ਰਾਧਿਕਾ ਗੋਇਲ ਨੇ ਇਸ ਸੈਗਮੈਂਟ ਦੀ ਟੋਰਚ ਜੀਆ ਖੁਰਾਨਾ ਦੇ ਹਵਾਲੇ ਕੀਤੀ ਸੀ ਅਤੇ 6 ਸਾਲ ਦੀ ਉਮਰ ਤੋਂ ਸੰਸਥਾ ਨਾਲ ਵੌਲੰਟੀਅਰ ਕਰਦੀ ਜੀਆ ਖੁਰਾਨਾ ਨੇ ਅਮਰ ਕਰਮਾ ਸੰਸਥਾ ਨਾਲ ਜੁੜੇ ਆਪਣੇ ਬਚਪਨ ਦੇ ਕਈ ਵਰਿਆਂ ਦੇ ਸਫਰ ਨੂੰ ਦਰਸ਼ਕਾਂ ਅੱਗੇ ਪੇਸ਼ ਕੀਤਾ। ਕੋਵਿਡ ਕਾਰਨ ਪਿਛਲੇ ਸਾਲ ਵਾਂਗ ਇਸ ਸਾਲ ਵੀ ਇਹ ਸਮਾਗਮ ਔਨਲਾਈਨ ਕਰਵਾਇਆ ਗਿਆ ਸੀ। ਇਸ ਸਮਾਗਮ ਦੀ ਇਕ ਹੋਰ ਖਾਸ ਗੱਲ ਇਹ ਹੁੰਦੀ ਹੈ ਕਿ, ਇਸ ਵਿਚ ਛੋਟੀ ਛੋਟੀ ਉਮਰ ਦੇ ਬੱਚਿਆਂ ਤੋਂ ਲੈ ਕੇ ਵੱਡੇ ਬੱਚੇ, ਆਪਣੀ ਮਰਜ਼ੀ ਦਾ ਕੋਈ ਸਮਾਜਿਕ ਵਿਸ਼ਾ ਚੁਣ ਕੇ ਉਸ ਤੇ ਆਪਣੀ ਉਮਰ ਅਤੇ ਪਹੁੰਚ ਮੁਤਾਬਿਕ ਰੀਸਰਚ ਕਰਦੇ ਹਨ ਅਤੇ ਗਿਵ ਅ ਹਾਰਟ ਸਮਾਗਮ ਵਿਚ ਇਸ ਵਿਸ਼ੇ ਦੀ ਪੇਸ਼ਕਾਰੀ ਕਰਦੇ ਹਨ। ਸੋ, ਇਸ ਤਰਾਂ ਸੰਸਥਾ ਵਲੋਂ ਬੱਚਿਆਂ ਨੂੰ ਸੋਸ਼ਲ ਵਿਸ਼ਿਆਂ ਨਾਲ ਜੋੜਨ, ਉਨਾਂ ਨੂੰ ਪੇਸ਼ ਕਰਨ ਅਤੇ ਇਸ ਬਾਬਤ ਈਨਾਮ ਦੇ ਕੇ ਇਕ ਵਿਸ਼ੇਸ਼ ਤਰਾਂ ਦਾ ਪਲੈਟਫਾਰਮ ਪ੍ਰਦਾਨ ਕੀਤਾ ਜਾਂਦਾ ਹੈ। ਅਮਰ ਕਰਮਾ ਸੰਸਥਾ ਕੈਨੇਡਾ ਦੀ ਪਹਿਲੀ ਅਜਿਹੀ ਸੰਸਥਾ ਹੈ ਜਿਸਨੇ ਅਧਿਕਾਰਤ ਤੌਰ ਤੇ ਅੰਗਦਾਨ ਦੇ ਵਿਸ਼ੇ ਨੂੰ ਚੁਣਿਆ ਅਤੇ 13 ਸਾਲ ਪਹਿਲਾਂ ਇਕ ਵੱਡੀ ਜਾਗਰਤੀ ਮੁਹਿੰਮ ਸ਼ੁਰੂ ਕੀਤੀ। ਸਿਹਤ ਜਾਗਰਤੀ ਸੰਬੰਧੀ volunteers ਦਾ ਇਕ ਵੱਡਾ ਸਮੂਹ ਬਣ ਚੁੱਕੀ ਸੰਸਥਾ Amar Karma health & wellness awareness network ਵਲੋਂ ਅੰਗਦਾਨ, ਨਾੜੂ ਦਾਨ, ਖ਼ੂਨ ਦਾਨ, ਡਿਸਏਬਿਲੀਟੀ ਅਤੇ ਪਹੁੰਚਯੋਗਤਾ ਦੇ ਨਾਲ ਬਾਲ ਵਾਤਾਵਰਣ, ਸਮਾਜਿਕ ਵਿਭਿੰਨਤਾ ਆਦਿ ਬਹੁਤ ਸਾਰੇ ਵਿਸ਼ਿਆਂ ਨੂੰ ਛੋਹਿਆ ਜਾਂਦਾ ਹੈ ਜੋ ਸਿੱਧੇ ਜਾਂ ਅਸਿੱਧੇ ਤੌਰ ਤੇ ਸਮਾਜਿਕ ਸਿਹਤ ਨਾਲ ਜੁੜੇ ਹੁੰਦੇ ਹਨ। ਸੰਸਥਾ ਦੀ ਸੰਸਥਾਪਤਾ ਬੇਸ਼ਕ ਇਕ ਟੀਮ ਮੈਂਬਰ ਲਵੀਨ ਗਿੱਲ ਵਲੋਂ ਸ਼ੁਰੂ ਕੀਤੀ ਗਈ ਸੀ ਪਰ ਹੁਣ ਇਸ ਵਿਚ ਸੈਂਕੜੇ ਦੀ ਗਿਣਤੀ ਵਿਚ ਨੌਜਵਾਨ ਜੁੜ ਚੁੱਕੇ ਹਨ। ਕਈ ਬੱਚੇ ਅਜਿਹੇ ਹਨ ਜਿਨਾਂ ਬਹੁਤ ਛੋਟੀ ਉਮਰ ਤੋਂ ਵੌਲੰਟੀਅਰ ਕਰ ਰਹੇ ਹਨ ਅਤੇ ਹੁਣ ਯੂਨੀਵਰਸਿਟੀ ਪਾਸ ਕਰ ਰਹੇ ਹਨ। ਇਸ ਸਾਲ ਦਾ volunteer of the year ਅਵਾਰਡ ਗੌਰਵ ਮਾਰੋਕ ਨੂੰ ਦਿਤਾ ਗਿਆ ਹੈ। ਗੌਰਵ ਨੇ ਯੂਨੀਵਰਸਿਟੀ ਦੇ ਆਖਰੀ ਸਮੈਸਟਰ ਵਿਚ ਪੜਦਿਆਂ ਵੀ, ਦਿਨ ਰਾਤ ਇਕ ਕਰਕੇ ਸੰਸਥਾ ਦੀਆਂ ਗਤੀਵਿਧੀਆਂ ਦੀ ਅਗਵਾਈ ਕੀਤੀ ਹੈ। ਸੰਸਥਾ ਦੇ ਬੋਰਡ ਦੇ ਬਾਕੀ ਮੇਂਬਰਾ ਨੇ ਵੀ ਆਪਣੇ ਆਪਣੇ ਸੰਦੇਸ਼ ਸੰਖੇਪ ਵਿਚ ਸਾਝੇ ਕੀਤੇ ਸਨ। ਇਸ ਇਵੈਂਟ ਵਿਚ ਵਰਚੂਅਲ ਤੌਰ ਤੇ Premier Doug Ford, MP Ruby Sahota, MP Sonia Sidhu, MPP Deepak Anand, Amarjot Sandhu, Sara Singh, Gurratan Singh, MPP Kevin Yarde, Mayor Patrick Brown ਅਤੇ Councillor Harkirat Singh ਨੇ ਸ਼ਮੂਲੀਅਤ ਕੀਤੀ।

ਸਮਾਗਮ ਦੇ ਅੰਤ ਵਿਚ ਸੰਸਥਾ ਦੇ ਡਾਇਰੈਕਰ ਅਤੇ ਬੱਚਿਆਂ ਦੇ ਮਾਰਗਦਰਸ਼ਕ, ਡਾ: ਅਮਨ ਤੱਗੜ ਨੇ ਦਰਸ਼ਕਾਂ ਨੂੰ ਸੰਬੋਧਨ ਕੀਤਾ ਅਤੇ ਜੁੜੇ ਮੈਂਬਰਾ ਦਾ ਧੰਨਵਾਦ ਕਰਨ ਦੇ ਨਾਲ ਨਾਲ volunteer of the year award ਵੀ ਐਲਾਨਿਆ। ਅਮਰ ਕਰਮਾ ਬਾਰੇ ਹੋ ਜਾਣਕਾਰੀ www.amarkarma.org ਤੋਂ ਮਿਲ ਸਕਦੀ ਹੈ।

# 10 ਸਾਲਾ ਮਾਸੂਮ ਨਾਲ ਦਰਿੰਦਗੀ ਦੀ ਸਿਖਰ

ਕਾਨਪੁਰ, 10 ਫਰਵਰੀ (ਪੋਸਟ ਬਿਊਰੋ)- ਕਾਨਪੁਰ ਵਿੱਚ ਕੱਲ੍ਹ 10 ਸਾਲ ਦੇ ਮਾਸੂਮ ਦਲਿਤ ਬੱਚੇ ਨਾਲ ਬਦਮਾਸ਼ਾਂ ਨੇ ਦਰਿੰਦਗੀ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ।

ਨਰਵਲ ਦੇ ਸਕਟ ਬੇਹਦਾ ਪਿੰਡ ਵਿੱਚ ਘਰੋਂ ਖੇਡਣ ਨਿਕਲੇ ਮਾਸੂਮ ਨੂੰ ਅਗਵਾ ਕਰ ਕੇ ਉਸ ਦਾ ਗਲਾ ਦਬਾ ਕੇ ਹਤਿਆ ਕਰਨ ਤੋਂ ਪਹਿਲਾਂ ਉਸਦੀ ਅੱਖ ਵਿੱਚ ਪੰਜ ਇੰਚ ਦੀ ਕਿੱਲ ਠੋਕੀ ਗਈ। ਇਸ ਘਟਨਾ ਦੇ ਕਾਰਨ ਪਿੰਡ ਵਿੱਚ ਮਾਹੌਲ ਤਣਾਅਪੂਰਨ ਹੈ। ਘਟਨਾ ਦੇ 24 ਘੰਟੇ ਬਾਅਦ ਵੀ ਪੁਲਸ ਅਜੇ ਕੇਸ ਦਾ ਖੁਲਾਸਾ ਨਹੀਂ ਕਰ ਸਕੀ। ਪੁਲਸ ਅਧਿਕਾਰੀਆਂ ਮੁਤਾਬਕ ਇਸ ਘਟਨਾ ਵਿੱਚ ਛੇ ਸ਼ੱਕੀ ਵਿਅਕਤੀਆਂ ਨੂੰ ਹਿਰਾਸਤ ਵਿੱਚ ਲੈ ਕੇ ਜਾਂਚ ਕੀਤੀ ਜਾ ਰਹੀ ਹੈ।

ਰਾਜ ਮਿਸਤਰੀ ਮਹਿੰਦਰ ਕੋਰੀ ਦਾ 10 ਸਾਲਾ ਬੇਟਾ 5ਵੀਂ ਕਲਾਸ ਵਿੱਚ ਪੜ੍ਹਦਾ ਸੀ। ਉਹ ਦੁਪਹਿਰੇ ਟਾਇਰ ਲੈ ਕੇ ਖੇਡਣ ਗਿਆ ਤਾਂ ਅਚਾਨਕ ਲਾਪਤਾ ਹੋ ਗਿਆ। ਘਰ ਤੋਂ 400 ਮੀਟਰ ਦੂਰ ਪਿੰਡ ਦੇ ਰਾਮੇਂਦਰ ਮਿਸ਼ਰਾ ਦੇ ਸਰ੍ਹੋਂ ਦੇ ਖੇਤਾਂ ਵਿੱਚ ਉਸ ਲਾਸ਼ ਮਿਲੀ।ਸੂਚਨਾ ਮਿਲਦੇ ਸਾਰ ਨਰਵਲ ਪੁਲਸ ਤੇ ਫੋਰੈਂਸਿਕ ਟੀਮ ਮੌਕੇ ਉੱਤੇ ਪੁੱਜੀ। ਮਾਹਿਰਾਂ ਨੇ ਦੱਸਿਆ ਕਿ ਬੱਚੇ ਦੀ ਅੱਖ ਵਿੱਚੋਂ ਲੱਗਭਗ ਪੰਜ ਇੰਚ ਲੰਮੀ ਕਿੱਲ ਮਿਲੀ ਹੈ। ਪੂਰੇ ਚਿਹਰੇ ਨੂੰ ਸਿਗਰਟ ਨਾਲ ਦਾਗਿਆ ਗਿਆ ਹੈ ਤੇ ਗੁਦਾ ਵਿੱਚ ਡੰਡਾ ਪਾਇਆ ਗਿਆ। ਲਾਸ਼ ਕੋਲ ਪਏ ਮਿਲੇ ਡੰਡੇ ਵਿੱਚ ਪਿਸ਼ਾਬ ਤੇ ਖ਼ੂਨ ਲੱਗਾ ਹੋਇਆ ਸੀ। ਇਸ ਦੇ ਨਾਲ ਪੂਰੇ ਸਰੀਰ ਉੱਤੇ ਸੱਟਾਂ ਦੇ ਨਿਸ਼ਾਨ ਹਨ। ਜਾਂਚ ਵਿੱਚ ਸਾਹਮਣੇ ਆਇਆ ਕਿ ਬੱਚੇ ਦੀ ਹਤਿਆ ਤੰਤਰ ਮੰਤਰ ਜਾਂ ਕੁਕਰਮ ਕਰਨ ਤੋਂ ਬਾਅਦ ਕੀਤੀ ਗਈ ਹੈ ਪਰ ਪਰਵਾਰਕ ਮੈਂਬਰਾਂ ਨੇ ਪਿੰਡ ਵਿੱਚ ਕਿਸੇ ਨਾਲ ਵੀ ਰੰਜ਼ਿਸ਼ ਹੋਣ ਦੀ ਗੱਲ ਤੋਂ ਇਨਕਾਰ ਕੀਤਾ ਹੈ। ਜਾਂਚ ਵਿੱਚ ਚਾਰ ਟੀਮਾਂ ਨੂੰ ਲਗਾਇਆ ਗਿਆ ਹੈ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN
GLASS AND WINDOW

# ਮਹਾਂਭਾਰਤ ਦੇ ਭੀਮ ਓਲੰਪੀਅਨ ਪਰਵੀਨ ਕੁਮਾਰ ਦਾ ਦੇਹਾਂਤ

ਵਰਿਆਮ ਸਿੰਘ ਸੰਧੂ ਵੱਲੋਂ ਸੰਪਾਦਤ ਪੁਸਤਕ 'ਪੰਜਾਬੀ ਵਾਰਤਕ ਦਾ ਉੱਚਾ ਬੁਰਜ ਸਰਵਣ ਸਿੰਘ' ਵਿਚ ਜਿਥੇ ਪ੍ਰਿੰ. ਸਰਵਣ ਸਿੰਘ ਦੀਆਂ ਲਿਖਤਾਂ ਬਾਰੇ ਚਾਲੀ ਕੁ ਸਮਕਾਲੀ ਲੇਖਕਾਂ ਦੇ ਲੇਖ ਹਨ ਉਥੇ ਸਰਵਣ ਸਿੰਘ ਦੀਆਂ ਰਚਨਾਵਾਂ ਦੇ ਕੁਝ ਨਮੂਨੇ ਵੀ ਪੇਸ਼ ਕੀਤੇ ਗਏ ਹਨ। ਪੇਸ਼ ਹੈ ਉਸ ਦੇ 1960ਵਿਆਂ ਦੇ ਦੌਰ ਵਿਚ ਲਿਖੇ ਖਿਡਾਰੀਆਂ ਦੇ ਰੇਖਾ ਚਿੱਤਰਾਂ 'ਚੋਂ ਇਕ ਨਮੂਨਾ। ਇਹ ਪਹਿਲਾਂ 'ਆਰਸੀ' ਵਿਚ ਛਪਿਆ ਸੀ ਪਿੱਛੋਂ ਸੁਖਬੀਰ ਨੇ ਹਿੰਦੀ ਅਨੁਵਾਦ 'ਧਰਮ ਯੁੱਗ' ਵਿਚ ਛਪਵਾਇਆ।

ਪਰਵੀਨ ਕੁਮਾਰ ਦਾ ਕੱਦ ਛੇ ਫੁੱਟ ਸੱਤ ਇੰਚ ਹੈ ਤੇ ਭਾਰ ਸਵਾ ਕੁਇੰਟਲ। ਪੰਜਾਹ ਇੰਚ ਛਾਤੀ, ਉਣੱਤੀ ਇੰਚ ਪੱਟ ਤੇ ਸਤਾਰਾਂ ਇੰਚ ਡੌਲ਼ੇ। ਉਹ ਮੇਰੇ ਵਡ-ਵਡੇਰਿਆਂ ਦੇ ਪਿੰਡ ਸਰਹਾਲੀ ਦਾ ਜੰਮਪਲ ਹੈ ਜਿਸ ਨੂੰ ਕਈ ਚੋਰਾਂ ਵਾਲੀ ਸਰਹਾਲੀ ਵੀ ਕਹਿੰਦੇ ਹਨ। ਇਹ ਭਾਈ ਬਿਧੀ ਚੰਦ ਦਾ ਨਾਨਕਾ ਪਿੰਡ ਹੈ ਜਿਸ ਨੇ ਲਾਹੌਰ ਦੇ ਕਿਲੇ 'ਚੋਂ ਘੋੜੇ ਕੱਢੇ ਸਨ। ਪਰਵੀਨ ਦਾ ਜਨਮ 6 ਦਸੰਬਰ 1947 ਨੂੰ ਸੰਧੂਆਂ ਦੇ ਬਾਹੀਏ ਵਿਚਕਾਰ ਵਸਦੇ ਪੰਡਤਾਂ ਦੇ ਸੋਬਤੀ ਪਰਿਵਾਰ ਵਿਚ ਹੋਇਆ। ਉਹ ਸਹੁੰ ਖਾਂਦਿਆਂ ਅੰਬਰਸਰ ਵੱਲ ਹੱਥ ਕਰਦਾ ਹੈ। ਉਹਦੀ ਮਸ਼ਹੂਰੀ ਤਰਨਤਾਰਨ ਦੇ ਟੂਰਨਾਮੈਂਟ ਤੋਂ ਸ਼ੁਰੂ ਹੋਈ ਜੋ ਏਸ਼ੀਆ ਤੇ ਕਾਮਨਵੈਲਥ ਦੇਸ਼ਾਂ ਦੀਆਂ ਹੱਦਾਂ ਲੰਘ ਗਈ। ਉਹਨੇ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਖੇਡ ਮੁਕਾਬਲਿਆਂ ਵਿਚ ਦਰਜਨ ਤੋਂ ਵੱਧ ਤਮਗ਼ੇ ਜਿੱਤੇ। ਉਹਦੀਆਂ ਬਾਹਵਾਂ ਨੇ 65.76 ਮੀਟਰ ਹੈਮਰ ਸੁੱਟਿਆ ਤੇ 56.74 ਮੀਟਰ ਦੂਰ ਡਿਸਕਸ ਸੁੱਟੀ। ਆਮ ਬੰਦੇ ਤੋਂ ਏਨੀ ਦੂਰ ਰੋੜਾ ਵੀ ਨਹੀਂ ਸੁੱਟਿਆ ਜਾਂਦਾ। ਉਹ ਵਾਰ-ਵਾਰ ਏਸ਼ੀਆ ਦਾ ਚੈਂਪੀਅਨ ਬਣਿਆ। 1966 ਵਿਚ ਕਿੰਗਸਟਨ ਦੀਆਂ ਕਾਮਨਵੈਲਥ ਖੇਡਾਂ 'ਚ ਉਹ ਹੈਮਰ ਸੁੱਟਣ ਵਿਚ ਸੈਕੰਡ ਰਿਹਾ ਸੀ। ਉਸ ਸਮੇਂ ਉਹ ਦੁਨੀਆ ਦਾ ਸਭ ਤੋਂ ਛੋਟੀ ਉਮਰ ਦਾ ਸਭ ਤੋਂ ਕੱਦ-ਾਵਰ ਤੇ ਵਜ਼ਨ ਵਿਚ ਸਭ ਤੋਂ ਭਾਰਾ ਸੁਟਾਵਾ ਗਿਣਿਆ ਗਿਆ ਸੀ। ਉਦੋਂ ਤਕ ਉਹਨੇ ਦੋ ਬੰਦੇ ਹੀ ਆਪਣੇ ਕੱਦ ਤੋਂ ਉੱਚੇ ਵੇਖੇ ਸਨ। ਇਕ ਤਰਸਿੱਕੇ ਬਲਾਕ ਵਿਚ ਤੇ ਦੂਜਾ ਦਾਰਾ ਦੁਲਚੀਪੁਰੀਆ।

ਸਮੇਂ ਨਾਲ ਉਹਦੇ 'ਚ ਬੜੀ ਤਬਦੀਲੀ ਆਈ। ਖੇਡ ਅਖਾੜੇ 'ਚ ਵੜਦਿਆਂ ਉਹ ਸਿੱਧ-ਪੱਧਰਾ ਪੇਂਡੂ ਮਝੈਲ ਸੀ। ਸਰਹਾਲੀ ਤੋਂ ਅੰਬਰਸਰ ਉਹਦੀ ਦੁਨੀਆ ਸੀ। ਪਰ ਬਾਅਦ ਵਿਚ ਉਹਨੇ ਏਨੀ ਦੁਨੀਆ ਵੇਖੀ ਕਿ ਉਠਦਿਆਂ ਬੈਠਦਿਆਂ ਐਕਟਰਾਂ ਨੂੰ ਵੀ ਮਾਤ ਪਾਉਣ ਲੱਗਾ। ਮਾਤ ਕੀ ਬਣ ਹੀ ਐਕਟਰ ਗਿਆ। 1965 ਵਿਚ ਹੱਥ ਮੂੰਹ ਧੋਂਦਿਆਂ ਉਹਦੇ ਕੋਲੋਂ ਵਾਸ਼ ਬੇਸਣ ਟੁੱਟ ਗਿਆ ਸੀ। ਉਸ ਨੂੰ ਉਹ ਖੂਹ ਦੀ ਮਣ ਸਮਝ ਬੈਠਾ ਸੀ। ਉਦੋਂ ਹੋਵੇਗਾ ਅਠਾਰਾਂ ਉਨੀ ਸਾਲਾਂ ਦਾ। ਉਹ ਟੀਮ ਨਾਲ ਮਦਰਾਸ ਗਿਆ। ਟੀਮ ਹੋਟਲ 'ਚ ਠਹਿਰੀ। ਪਰਵੀਨ ਵਾਸ਼ ਬੇਸਣ ਵਿਚ ਹੱਥ ਧੋਣ ਲੱਗਾ ਪੈਰ ਵੀ ਧੋਣ ਲੱਗ ਪਿਆ। ਫਿਰ ਪੈਰ ਵਾਸ਼ ਬੇਸਣ ਉਤੇ ਟਿਕਾ ਕੇ ਪਰਨੇ ਨਾਲ ਪੂੰਝਣ ਲੱਗਾ। ਪੈਰ 'ਤੇ ਭਾਰ ਕੁਝ ਵਧੇਰੇ ਆ ਗਿਆ ਤੇ ਚੀਨੀ ਦਾ ਖੋਲ ਥੱਲੇ ਡਿੱਗ ਕੇ ਖਿਲਰ ਗਿਆ। ਖੜਕਾ ਸੁਣ ਕੇ ਨੌਕਰ ਭੱਜਾ ਆਇਆ ਤੇ ਕਹਿਣ ਲੱਗਾ, "ਇਹ ਢਾਈ ਸੌ ਦਾ ਸੀ।"

ਪਿੰਡ 'ਚੋਂ ਪਹਿਲੀ ਵਾਰ ਵੱਡੇ ਸ਼ਹਿਰ ਗਏ ਪਰਵੀਨ ਨੂੰ ਦੁੱਖ ਹੋਇਆ ਕਿ ਵਹਿੜਕੇ ਦੇ ਮੁੱਲ ਦੀ ਚੀਜ਼ ਐਵੇਂ ਟੁੱਟ ਗਈ! ਫਿਰ ਉਹ ਨ੍ਹਾਉਣ ਗਿਆ ਤਾਂ ਗੁਸਲਖ਼ਾਨੇ 'ਚ ਚੀਨੀ ਦਾ ਵੱਡਾ ਟੱਬ ਵੇਖ ਕੇ ਨੌਕਰ ਨੂੰ ਕਹਿਣ ਲੱਗਾ, "ਆਹ ਟੜਾ ਟੱਬ ਹੁਣੇ ਚੁੱਕ ਲਓ। ਟੁੱਟ ਇਹ ਵੀ ਜਾਣਾ। ਫੇਰ ਕਹੋਗੇ, ਹਜ਼ਾਰ ਦਾ ਤੋੜਤਾ!"

ਇਕੇਰਾਂ ਉਹ ਰੇਲ ਗੱਡੀ ਵਿਚ ਸਫ਼ਰ ਕਰ ਰਿਹਾ ਸੀ। ਰਜਾਈ ਲੈ ਕੇ ਲੰਮਾ ਪੈ ਗਿਆ ਪਰ ਮੂੰਹ ਨੰਗਾ ਰੱਖ ਲਿਆ।

## ਧਰਤੀਧੱਕ

ਇਕ ਮੁਸਾਫ਼ਿਰ ਆਇਆ ਜੋ ਕਹਿਣ ਲੱਗਾ, "ਭਲਵਾਨਾਂ, ਰਤਾ ਲੱਤਾਂ 'ਕੱਠੀਆਂ ਕਰੀਂ, ਮੈਨੂੰ ਵੀ ਬਹਿ ਲੈਣ ਦੇ।"

ਲੱਤਾਂ ਪਰਵੀਨ ਦੀਆਂ ਪਹਿਲਾਂ ਹੀ 'ਕੱਠੀਆਂ ਕੀਤੀਆਂ ਹੋਈਆਂ ਸਨ। ਉਹਨੇ ਸਿੱਧੀਆਂ ਕਰ ਦਿੱਤੀਆਂ। ਪੈਰ ਰਜਾਈ 'ਚੋਂ ਬਾਹਰ ਨਿਕਲ ਆਏ। ਮੁਸਾਫ਼ਿਰ ਕਦੇ ਪੈਰਾਂ ਵੱਲ ਵੇਖੇ, ਕਦੇ ਸਿਰ ਵੱਲ। ਹੈਰਾਨ ਹੋਇਆ ਬੋਲਿਆ, "ਤਾਂਹੀਏਂ!"

ਪਰਵੀਨ ਨੇ ਪੁੱਛਿਆ, "ਤਾਂਹੀਏਂ ਕੀ?"

ਮੁਸਾਫ਼ਿਰ ਨੇ ਵਿਅੰਗ ਨਾਲ ਕਿਹਾ, "ਮੈਂ ਸਮਝਿਆ ਸੀ ਕੋਈ ਬੰਦਾ ਇਆ!"

ਜਦੋਂ ਉਹ ਪਹਿਲੀ ਵਾਰ ਪਟਿਆਲੇ ਕੋਚਿੰਗ ਕੈਂਪ ਵਿਚ ਆਇਆ ਤਾਂ ਮੈਂ ਉਹਤੋਂ ਖੁਰਾਕ ਪੁੱਛੀ। ਉਹਨੇ ਕਿਹਾ, "ਖੁਰਾਕ ਗਿਣ ਮਿਥ ਕੇ ਥੋੜ੍ਹੋ ਖਾਈਦੀ ਆ। ਕਦੇ ਘੱਟ ਕਦੇ ਵੱਧ।"

"ਨਾ ਤਾਂ ਵੀ। ਘੱਟ ਵੱਧ ਦਾ ਕੁਛ ਤਾਂ ਅੰਦਾਜ਼ਾ ਲੱਗੇ।"

"ਅੰਦਾਜ਼ੇ ਨਾਲ ਪੰਜ ਛੇ ਕਿੱਲੋ ਦੁੱਧ, ਪਾ ਡੇਢ ਪਾ ਘਿਓ, ਛੇ ਸੱਤ ਆਂਡੇ ਤੇ ਕਿੱਲੋ ਸਵਾ ਕਿੱਲੋ ਮੀਟ। ਇਹ ਪਿੰਡ ਦੀ ਗੱਲ ਆ। ਜੇ ਸ਼ਹਿਰ 'ਚ ਹੋਈਏ ਤਾਂ ਭੁੱਖੇ ਵੀ ਰਹਿ ਲਈਦਾ!"

ਕੈਂਪ ਵਿਚ ਅਜਮੇਰ ਸਿੰਘ ਮਸਤ ਰੂਹ ਅਫ਼ਜ਼ੇ ਦੀ ਬੋਤਲ ਲੈ ਆਇਆ। ਪਰਵੀਨ ਨੂੰ ਪਤਾ ਨੀ ਕਿਵੇਂ ਮੁਸ਼ਕ ਆ ਗਿਆ। ਅਜਮੇਰ ਨ੍ਹਾਉਣ ਗਿਆ ਤਾਂ ਪਰਵੀਨ ਨੇ ਦਾਅ ਤਕਾ ਕੇ ਬਾਰ ਭੇੜਿਆ, ਬੋਤਲ ਘੜੇ 'ਚ ਮੂਧੀ ਕੀਤੀ, ਹੱਥ ਨਾਲ ਮਧਾਣੀ-ਗੇੜਾ ਦਿੱਤਾ ਤੇ ਘੜੇ ਨੂੰ ਹੀ ਮੂੰਹ ਲਾ ਕੇ ਪੀ ਗਿਆ। ਉਹਨੀਂ ਦਿਨੀਂ ਖਾਣ ਪੀਣ ਬਾਰੇ ਉਹ ਕਿਹਾ ਕਰਦਾ ਸੀ ਕਿ ਰੱਜਵਾਂ ਮਿਲੇ ਤਾਂ ਬੰਦਾ ਖਾਣੋ ਹੀ ਨਾ ਹਟੇ!

1966 ਵਿਚ ਭਾਰਤੀ ਅਥਲੀਟਾਂ ਦੀ ਟੀਮ ਸੋਵੀਅਤ ਰੂਸ ਜਾਣੀ ਸੀ। ਦਿੱਲੀ ਦੇ ਰੂਸੀ ਸਫ਼ਾਰਤਖ਼ਾਨੇ ਨੇ ਟੀਮ ਨੂੰ ਪਾਰਟੀ ਦਿੱਤੀ। ਪਾਰਟੀ ਪਿੱਛੋਂ ਪਰਵੀਨ ਹੋਟਲ 'ਚ ਆ ਕੇ ਕਹੀ ਜਾਵੇ, "ਉਹ ਪਤਾ ਨੀ ਵੋਦਕਾ-ਵੂਦਕਾ ਕੀ ਨਾਂ ਲੈਂਦੇ ਸੀ। ਐਵੇਂ ਪਿਆਲੀਆਂ ਦੇ ਬੱਚਿਆਂ ਜਿਊਂ 'ਚ ਪਾ-ਪਾ ਦੇਈ ਜਾਣ। ਨਾ ਪੀਣ ਨਾ ਛੱਡਣ। ਸਾਡਾ ਉਹਨਾਂ ਨਾਲ ਕੀ ਬਣਦਾ? ਸਾਨੂੰ ਤਾਂ ਡੋਲ ਚਾਹੀਦਾ ਸੀ, ਭਰਿਆ ਹੋਇਆ। ਫੇਰ ਬਣਦੀ ਸਰਹਾਲੀ ਵਾਲੀ ਗੱਲ।"

ਪਹਿਲਾਂ ਪਹਿਲ ਪਰਵੀਨ ਨੇ ਪਹਿ-ਲਵਾਨ ਬਣਨ ਦੀ ਠਾਣੀ ਸੀ। ਉਹ ਹਰ ਰੋਜ਼ ਡੇਢ ਦੋ ਸੌ ਡੰਡ ਤੇ ਪੰਜ ਛੇ ਸੌ ਬੈਠਕਾਂ ਕੱਢਦਾ ਸੀ। ਟੋਕਾ ਗੇੜਦਿਆਂ ਦਸ-ਦਸ ਭਰੀਆਂ ਪੱਠਿਆਂ ਦੀਆਂ ਕੁਤਰ ਦੇਣੀਆਂ। ਉਹਦੇ ਪਿਤਾ ਜੀ ਪੁਲਿਸ ਵਿਚ ਥਾਣੇਦਾਰ ਸਨ ਤੇ ਖ਼ੁਦ ਖਿਡਾਰੀ ਰਹੇ ਸਨ। ਉਹਨਾਂ ਨੂੰ ਸ਼ੌਕ ਸੀ ਕਿ ਪੁੱਤਰ ਖੁਰਾਕ ਖਾ ਕੇ ਤਕੜੇ ਖਿਡਾਰੀ ਬਣਨ। ਏਹੋ ਕਾਰਨ ਸੀ ਕਿ ਬੱਚਿਆਂ ਨੂੰ ਖਾਣ ਪੀਣ ਲਈ ਚੰਗਾ ਚੋਖਾ ਮਿਲਦਾ ਰਿਹਾ ਤੇ ਉਹ ਬੜੇ ਕੱਦਾਵਰ ਨਿਕਲੇ।

ਪਰਵੀਨ ਤੇ ਉਹਦਾ ਭਾਈ ਹਵੇਲੀ ਸੁੱਤੇ ਪਏ ਸਨ। ਚੋਰਾਂ ਨੇ ਉਹਨਾਂ ਦੀ ਵਛੇਰੀ ਖੋਲ੍ਹ ਲਈ। ਪਰਵੀਨ ਦੀ ਅੱਖ ਖੁੱਲ੍ਹ ਗਈ। ਉਹਨੇ ਬੰਦੂਕ ਵਾਲੇ ਬੰਦੇ ਨੂੰ ਜੱਫਾ ਮਾਰ ਲਿਆ ਤੇ ਬੰਦੂਕ ਦੀ ਨਾਲੀ ਕੱਛ ਹੇਠ ਘੁੱਟ ਲਈ। ਚੋਰ ਨੇ ਫਾਇਰ ਕਰ ਦਿੱਤਾ। ਗੋਲੀ ਕੱਛ ਵਿਚ ਦੀ ਲੰਘ ਗਈ। ਨਾਲ ਦੇ ਚੋਰ ਨੇ ਬੰਦੂਕ ਫੜ ਕੇ ਬੱਟ ਸਿਰ ਵਿਚ ਮਾ-ਰਿਆ ਜਿਸ ਨਾਲ ਪਰਵੀਨ ਭੁਆਂਟਣੀ ਖਾ ਕੇ ਡਿੱਗ ਪਿਆ। ਚੋਰ ਦੌੜ ਗਏ। ਇਸ ਹਾਦਸੇ ਪਿੱਛੋਂ ਪਰਵੀਨ ਦੀ ਖੁਰਾਕ ਹੋਰ ਵਧਾ ਦਿੱਤੀ ਗਈ ਕਿ ਕੱਲ੍ਹ-ਕਲੋਤਰ ਨੂੰ ਫਿਰ ਇਹੋ ਜਿਹੀ ਘਟਨਾ ਵਾਪਰੇ ਤਾਂ ਉਹ ਘੱਟਘੱਟ ਦੋਂਹ ਜਣਿਆਂ ਦਾ ਮੁਕਾਬਲਾ ਤਾਂ ਕਰੇ।

ਮੈਂ ਪਰਵੀਨ ਤੋਂ ਉਹਦਾ ਮਨਭਾਉਂਦਾ ਸ਼ੌਂਕ ਪੁੱਛਿਆ ਤਾਂ ਉਹਨੇ ਕਿਹਾ, "ਮੇਰਾ ਸ਼ੌਂਕ ਆ ਪਈ ਜੁੱਸਾ ਹੋਰ ਤਗੜਾ ਹੋਵੇ। ਖੜ੍ਹਾ ਬੰਦਾ ਲੱਗਾਂ। ਆਦਮੀ ਦਾ ਜੁੱਸਾ ਏਨਾ ਤਗੜਾ ਹੋਵੇ ਪਈ ਦੇਖਣ ਆਲੇ ਨੂੰ ਦਹਿਸ਼ਤ ਆਵੇ। ਲੋਕ ਰਾਹ ਛੱਡ ਕੇ ਲੰਘਣ। ਅਸਲ ਵਿਚ ਜੂਨ ਈ ਤਗੜੇ ਬੰਦੇ ਦੀ ਆ। ਮਾੜੇ ਦੀ ਕਾਹਦੀ ਜੂਨ?"

ਜਦੋਂ ਉਹ ਪਿੰਡ ਰਹਿੰਦਾ ਸੀ ਤਾਂ ਪਿੰਡ ਦੀ ਰੌੜ ਵਿਚ ਪ੍ਰੈਕਟਿਸ ਕਰਦਾ ਸੀ। ਦੂਰ ਸਾਰੇ ਇਕ ਵੱਟ ਸੀ। ਉਹਦੀ ਰੀਝ ਸੀ ਕਿ ਉਹਦੀ ਸੁੱਟ ਕਿਸੇ ਦਿਨ ਉਸ ਵੱਟ ਉਤੇ ਚਲੀ ਜਾਵੇ। ਉਸ ਅਣਮਿਣੀ ਵੱਟ ਉਤੇ! ਤਾਂ ਹੀ ਉਹ ਆਪਣੀ ਘਾਲਣਾ ਸਫਲ ਸਮਝੇਗਾ। ਫਿਰ ਉਹਦਾ ਵਾਸਾ ਜਲੰਧਰ ਹੋ ਗਿਆ। ਫਿਰ ਪਿੰਡ ਦੀ ਜ਼ਮੀਨ ਜਾਇਦਾਦ ਵੇਚ ਕੇ ਉਹਨਾਂ ਨੇ ਦਿੱਲੀ ਜਾ ਕੋਠੀ ਪਾਈ ਤੇ ਉਥੇ ਹੀ ਕਾਰੋਬਾਰ ਤੋਰ ਲਿਆ। ਪਰਵੀਨ ਖ਼ੁਦ ਬਾਰਡਰ ਸਕਿਉਰਿਟੀ ਵਿਚ ਕੰਮ ਕਰਦਾ ਰਿਹਾ ਤੇ ਡੀ. ਐਸ. ਪੀ. ਦੇ ਅਹੁਦੇ ਤਕ ਚਲਾ ਗਿਆ। ਫਿਰ ਉਹ ਨੌਕਰੀ ਨੂੰ ਲੱਤ ਮਾਰ ਕੇ ਫਿਲਮਾਂ 'ਚ ਰੋਲ ਕਰਨ ਲਈ ਬੰਬਈ ਜਾ ਪੁੱਜਾ। ਉਹਨੇ ਦਾਰਾ ਸਿੰਘ ਵਾਂਗ ਮਝੈਲ ਲਹਿਜੇ 'ਚ ਹਿੰਦੀ ਦੇ ਡਾਇਲਾਗ ਬੋਲੇ ਤੇ ਸੀਰੀਅਲ ਮਹਾਂਭਾਰਤ ਦਾ ਭੀਮ ਬਣਿਆ। ਉਹ ਦੋ ਭਾਈ ਖੇਡਾਂ 'ਚ ਚਮਕੇ ਪਰ ਕਹਿੰਦੇ ਇਹੋ ਰਹੇ, "ਖੇਡਾਂ 'ਚ ਭੁੱਖ ਨੰਗ ਤੋਂ ਸਿਵਾ ਹੋਰ ਹੈ ਵੀ ਕੀ?"

ਪਰਵੀਨ ਨੇ ਸਕੂਲੀ ਸਿੱਖਿਆ ਸਰਹਾਲੀ ਦੇ ਹਾਈ ਸਕੂਲ ਵਿਚ ਲਈ। ਉਹ ਖ਼ਾਲਸਾ ਕਾਲਜ ਅੰਮ੍ਰਿਤਸਰ ਪੜ੍ਹਨ ਲੱਗਾ ਸੀ ਜਦੋਂ ਬਾਰਡਰ ਸਕਿਉਰਿਟੀ ਫੋਰਸ ਨੇ ਖਿਡਾਰੀਆਂ ਦੇ ਕੋਟੇ ਵਿਚ ਭਰਤੀ ਕਰ ਲਿਆ। ਨੌਕਰੀ ਤਾਂ ਨਾਂ ਦੀ ਸੀ, ਅਸਲ ਕੰਮ ਡਿਸਕਸ ਤੇ ਹੈਮਰ ਸੁੱਟਣਾ ਸੀ। ਹੈਮਰ ਤੇ ਡਿਸਕਸ ਦੇ ਉਸ ਨੇ ਛੋਟੀ ਉਮਰ ਵਿਚ ਹੀ ਰਿਕਾਰਡ ਰੱਖ ਦਿੱਤੇ ਪਰ ਜਿਹੜੀ ਕੁੜੀ ਨਾਲ ਉਹ ਅੱਖ ਮਟੱਕਾ ਕਰਦਾ ਸੀ ਉਹ ਚੈਂਪੀਅਨ ਬਣ ਕੇ ਵੀ ਉਹਦੇ ਕਾਬੂ ਨਾ ਆਈ। ਹੁਣ ਤਾਂ ਉਹ ਹਉਕਾ ਲੈ ਕੇ ਏਨਾ ਹੀ ਕਹਿੰਦਾ ਹੈ, "ਪਤਾ ਨੀ ਮਰ ਜਾਣੀ ਕਿਥੇ ਹੋਵੇ? ਪਤਾ ਨੀ ਹੋਵੇ ਜਾਂ ਨਾ ਹੋਵੇ!"

ਇਕ ਵਾਰ ਰੀਹ ਦੇ ਦਰਦ ਨੇ ਉਹਨੂੰ ਸਾਲ ਭਰ ਮੰਜੇ 'ਤੇ ਪਾਈ ਰੱਖਿਆ। ਉਹ ਦਿਨ ਚੇਤੇ ਕਰ ਕੇ ਉਹਦਾ ਅਜੇ ਵੀ ਗੱਚ ਭਰ ਆਉਂਦਾ ਹੈ। ਏਨਾ ਦਰਦ ਕਿ ਕਚੀਚੀ ਵੱਟ ਕੇ ਰੋਣ ਰੋਕਦਾ ਪਰ ਹੰਝੂ ਫਿਰ ਵੀ ਉਮਡ ਆਉਂਦੇ। ਉਹ ਕਹਿੰਦਾ ਹੈ, "ਪ੍ਰਮਾਤਮਾ ਉਹੋ ਜਿਹਾ ਦਰਦ ਮੁੜ ਕੇ ਨਾ ਦੇਵੇ, ਉਮਰ ਦੇ ਭਾਵੇਂ ਵੀਹ ਵਰ੍ਹੇ ਘਟਾ ਦੇਵੇ।"

1968 ਵਿਚ ਉਹਨੂੰ ਅਰਜਨਾ ਅਵਾਰਡ ਮਿਲਿਆ। 1966 ਤੇ 70 ਦੀਆਂ ਏਸ਼ਿਆਈ ਖੇਡਾਂ ਵਿਚੋਂ ਉਸ ਨੇ ਸੋਨੇ ਦੇ ਤਿੰਨ ਤਮਗ਼ੇ ਜਿੱਤੇ। ਦੋ ਵਾਰ ਓਲੰਪਿਕ ਖੇਡਾਂ 'ਚ ਭਾਗ ਲਿਆ। ਰੀਹ ਦੇ ਦਰਦ ਕਾਰਨ 1974 ਦੀਆਂ ਏਸ਼ਿਆਈ ਖੇਡਾਂ ਵਿਚੋਂ ਉਹ ਚਾਂਦੀ ਦਾ ਤਮਗ਼ਾ ਹੀ ਜਿੱਤ ਸਕਿਆ। ਮਨੀਲਾ ਤੇ ਸਿਓਲ ਦੀਆਂ ਏਸ਼ੀਅਨ ਅਥਲੈਟਿਕ ਮੀਟਾਂ ਵਿਚੋਂ ਉਸ ਨੇ ਵਾਰ ਵਾਰ ਸੋਨੇ ਦੇ ਤਮਗ਼ੇ ਜਿੱਤੇ। ਦਸ ਸਾਲ ਉਹ ਏਸ਼ੀਆ ਦਾ ਸਭ ਤੋਂ ਤਕੜਾ ਸੁਟਾਵਾ ਰਿਹਾ। ਜਰਮਨੀ ਵਿਚ ਅਥਲੈਟਿਕਸ ਦੇ ਡੈਜ਼ਲਡੋਰਫ਼ ਵਰਲਡ ਕੱਪ ਸਮੇਂ ਉਹ ਏਸ਼ੀਆ ਦੀ ਅਥਲੈਟਿਕ ਟੀਮ ਦਾ ਕਪਤਾਨ ਬਣਿਆ। ਉਥੇ ਉਹ ਕੁਲ ਦੁਨੀਆ ਵਿਚ ਚੌਥੇ ਨੰਬਰ 'ਤੇ ਆਇਆ। 1974 ਵਿਚ ਤਹਿਰਾਨ ਦੀਆਂ ਏਸ਼ਿਆਈ ਖੇਡਾਂ ਸਮੇਂ ਉਸ ਨੇ ਭਾਰਤੀ ਦਲ ਦੀ ਅਗਵਾਈ ਕੀਤੀ।

ਇਕ ਵਾਰ ਮੈਂ ਉਹਨੂੰ ਜਲੰਧਰ ਮਿਲਣ ਗਿਆ ਤਾਂ ਉਹ ਪਹਿਲਾਂ ਨਾਲੋਂ ਬਹੁਤ ਬਦਲਿਆ ਹੋਇਆ ਸੀ। ਭਲਵਾਨਾਂ ਵਾਲੇ ਘੋਨੇ ਸਿਰ ਦੀ ਥਾਂ ਲੰਮੇ ਪਟੇ ਸਨ। ਕਪੜਾ-ਲੱਤਾ ਫੈਸ਼ਨਦਾਰ ਤੇ ਅਦਾਵਾਂ ਸ਼ਹਿਰੀ। ਵੇਖਣ ਨੂੰ ਲਾਟ ਸਾਹਬ! ਮੈਂ ਸਮਝਿਆ, ਖ਼ੌਰੇ ਸਿਆਣੇ ਵੀ ਨਾ। ਗੱਲੀਂ ਬਾਤੀਂ ਖੁੱਲ੍ਹਿਆ ਤਾਂ ਉਹੀ ਸਰਹਾਲੀ ਵਾਲਾ ਪਰਵੀਨ ਨਿਕਲਿਆ। ਉਹੀ ਹਾਸਾ, ਉਹੀ ਮਖੌਲ ਤੇ ਉਹੀ ਮਝੈਲ ਲਹਿਜਾ। ਪਰ ਕਦੇ-ਕਦੇ ਉਹ ਅੰਗਰੇਜ਼ੀ ਬੋਲਣ ਲੱਗ ਜਾਂਦਾ ਜਦਕਿ ਪਹਿਲਾਂ ਕੋਚ ਦਾ ਇਕੋ ਫਿਕਰਾ ਸੁਣ ਕੇ ਮੁੜ੍ਹਕੋ-ਮੁੜ੍ਹਕੀ ਹੋ ਜਾਂਦਾ ਸੀ। ਉੱਦਣ ਉਹ ਵਿਚੇ ਅੰਗਰੇਜ਼ੀ ਬੋਲੀ ਗਿਆ ਤੇ ਵਿਚੇ ਅੰਗਰੇਜ਼ੀ ਵਿਚ ਕਹੀ ਗਿਆ ਕਿ ਮੈਨੂੰ ਅੰਗਰੇਜ਼ੀ ਚੰਗੀ ਨਹੀਂ ਲੱਗਦੀ! 1966 ਵਿਚ ਉਸ ਨੂੰ ਵੋਦਕਾ ਦੀ ਘੁੱਟ ਭਰਨੀ ਨਹੀਂ ਸੀ ਆਈ ਪਰ ਤੁਰ ਫਿਰ ਕੇ ਉਹ ਕੁਲ ਦੁਨੀਆ ਦਾ ਸ਼ਿਸ਼ਟਾਚਾਰ ਜਾਣ ਗਿਆ।

ਜਦ ਉਹ ਪਹਿਲੀ ਵਾਰ ਹਵਾਈ ਜਹਾਜ਼ ਉਤੇ ਚੜ੍ਹਿਆ ਤਾਂ ਕੁਰਸੀ 'ਤੇ ਮਸਾਂ ਮੇਚ ਆਇਆ। ਬੈਠਾ ਬੈਠਾ ਬਟਨ ਛੇੜਣ ਲੱਗ ਪਿਆ। ਅਚਾਨਕ ਇਕ ਬਟਨ ਦੱਬਿਆ ਗਿਆ ਤੇ ਸੀਟ ਪਿੱਛੇ ਨੂੰ ਢਿਲਕ ਚੱਲੀ। ਪਰਵੀਨ ਨੇ ਸਮਝਿਆ ਲਓ ਇਹ ਵੀ ਹੋਟਲ ਦੇ ਵਾਸ਼ ਬੇਸਣ ਵਾਂਗ ਟੁੱਟੀ ਕਿ ਟੁੱਟੀ!




ਉਹਨੇ ਫੌਰਨ ਆਪਣਾ ਭਾਰ ਪੈਰਾਂ ਉਤੇ ਕਰ ਲਿਆ ਤੇ ਸਾਰਾ ਸਫ਼ਰ ਪੈਰਾਂ ਭਾਰ ਹੀ ਕੀਤਾ। ਨੀਵੀਂ ਪਾਈ ਆਸੇ ਪਾਸੇ ਵਿੰਹਦਾ ਰਿਹਾ ਕਿ ਕੋਈ ਅੱਧ-ਟੁੱਟੀ ਸੀਟ ਨਾ ਵੇਖ ਲਵੇ ਤੇ ਜਹਾਜ਼ੀ ਅਮਲੇ ਨੂੰ ਨਾ ਦੱਸ ਦੇਵੇ! ਜਹਾਜ਼ ਹਵਾਈ ਅੱਡੇ 'ਤੇ ਉਤਰਿਆ ਤਾਂ ਉਹ ਤੇਜ਼ੀ ਨਾਲ ਜਹਾਜ਼ 'ਚੋਂ ਨਿਕਲਿਆ ਤੇ ਬਾਹਰ ਜਾ ਕੇ ਸਾਥੀਆਂ ਨੂੰ ਕਹਿਣ ਲੱਗਾ, "ਬੇਲੀਓ ਬਚ ਗਏ। ਮੈਂ ਜਿਹੜੀ ਸੀਟ 'ਤੇ ਬੈਠਾ ਸੀ ਉਹ ਟੁੱਟ ਗਈ ਜੇ। ਪਰ ਮੈਂ ਪੈਰਾਂ ਭਾਰ ਈ ਰਿਹਾਂ ਤੇ ਕਿਸੇ ਨੂੰ ਪਤਾ ਨੀ ਲੱਗਣ ਦਿੱਤਾ। ਮਾਲਕਾਂ ਨੂੰ ਪਤਾ ਲੱਗ ਜਾਂਦਾ ਤਾਂ ਆਪਣੀ ਫੜੀ ਫਾਰਨ ਐਕਸਚੇਂਜ ਏਥੇ ਈ ਲੱਗ ਜਾਣੀ ਸੀ!"

ਉਹ ਦਿਨ ਪੁੱਗ ਗਏ ਸਨ ਜਦੋਂ ਕਿਸੇ ਕੁੜੀ ਕੱਤਰੀ ਨਾਲ ਗੱਲ ਕਰਦਿਆਂ ਉਹਦੀ ਜ਼ਬਾਨ ਥਿੜਕਦੀ ਤੇ ਅਗਾਂਹ ਗੱਲ ਨਹੀਂ ਸੀ ਔੜਦੀ। ਪਿੱਛੋਂ ਤਾਂ ਟੋਕੀਓ ਦੀਆਂ ਜਪਾਨਣਾਂ ਤੇ ਯੂਰਪ ਦੀਆਂ ਮੇਮਾਂ ਵੀ ਉਹਦੀਆਂ ਗੱਲਾਂ ਵਿਚ ਦਿਲਚਸਪੀ ਲੈਂਦੀਆਂ ਸਨ। ਬਾਹਰ ਦੇ ਕੋਚਾਂ ਤੇ ਖਿਡਾਰੀਆਂ ਨਾਲ ਮਿਲ ਗਿਲ ਕੇ ਪੱਤਰਕਾਰਾਂ ਨੂੰ ਇੰਟਰਵਿਊ ਦੇਣ ਵਿਚ ਉਹ ਪੂਰਾ ਤਾਕ ਹੋ ਗਿਆ ਸੀ। ਗੱਲ ਬਾਤ ਕਰਦਿਆਂ ਮੂੰਹ ਦੇ ਨਾਲ ਹੱਥਾਂ ਪੈਰਾਂ ਤੇ ਸਰੀਰ ਨੂੰ ਵੀ ਹਰਕਤ ਵਿਚ ਲਿਆਉਂਦਾ ਸੀ।

ਗੱਲਾਂ ਬਾਤਾਂ ਕਰਦਿਆਂ ਕਦੇ-ਕਦੇ ਉਹਦੇ 'ਚੋਂ ਫਿਰ ਉਹੀ ਪੁਰਾਣਾ ਪਰਵੀਨ ਉਜਾਗਰ ਹੋ ਉਠਦਾ ਜੀਹਦੀਆਂ ਗੱਲਾਂ ਹਾਸੇ ਮਖੌਲ ਨਾਲ ਲੱਦੀਆਂ ਤੇ ਗਾਲ੍ਹਾਂ ਨਾਲ ਸ਼ਿੰਗਾਰੀਆਂ ਹੁੰਦੀਆਂ ਸਨ। ਜਿਵੇਂ ਮੇਲਾ ਵੇਖ ਕੇ ਜੱਟਾਂ ਦੇ ਛੇ ਮਹੀਨੇ ਲੰਘ ਜਾਂਦੇ ਹਨ ਉਵੇਂ ਪਰਵੀਨ ਦੀਆਂ ਗੱਲਾਂ ਸੁਣ ਕੇ ਵੀ ਉਹਦੇ ਸਾਥੀ ਛੇ ਮਹੀਨੇ ਖਿੜੇ ਰਹਿੰਦੇ ਹਨ। ਮੈਨੂੰ ਯਾਦ ਆਇਆ ਇਕ ਦਿਨ ਉਹ ਕਹਿ ਰਿਹਾ ਸੀ, "ਕੋਚ ਦਾ ਸਿਰ ਦੇਖ, ਹਵਾਈ ਅੱਡੇ ਅਰਗਾ ਗੰਜਾ!"

ਪਤਲੀਆਂ ਲੱਤਾਂ ਵਾਲੇ 'ਸਮਾਰਟ' ਨੌਜੁਆਨ ਬਾਰੇ ਪਰਵੀਨ ਕੁਮਾਰ ਦਾ ਪ੍ਰਵਚਨ ਸੀ, "ਲੱਤਾਂ ਸਿਗਰਟਾਂ ਅਰਗੀਆਂ ਅਖੇ ਅਸੀਂ ਸਮਾਰਟ ਆਂ। ਪੈਂਟ 'ਚ ਲੱਤਾਂ ਇਓਂ ਲੱਗਦੀਆਂ ਜਿਵੇਂ ਝੋਲੇ 'ਚ ਪੰਪ ਪਾਇਆ ਹੁੰਦਾ! ਗੋਡੇ ਦੇਖ ਜਿਵੇਂ ਰੱਸੇ ਨੂੰ ਗੰਢ ਦਿੱਤੀ ਹੁੰਦੀ ਆ।" ਬਾਅਦ 'ਚ ਪਤਾ ਲੱਗਾ ਕਿ ਉਹ ਸਮਾਰਟ ਨੌਜੁਆਨ ਵਰਿਆਮ ਸੰਧੂ ਸੀ ਜੋ ਜਿਸ ਨੇ ਉੱਚੀਆਂ ਛਾਲਾਂ ਲਾਉਣ ਪਿੱਛੋਂ ਪੰਜਾਬੀ ਕਹਾਣੀ ਦੇ ਆਕਾਸ਼ ਉਤੇ ਛਾਲ ਮਾਰੀ।

ਪਰਵੀਨ ਇਕ ਦਿਨ ਗੁਰਮੁਖ ਸਿੰਘ ਬਾਰੇ ਕਹਿਣ ਲੱਗਾ, "ਮੂੰਹ ਬੋਕ ਅਰਗਾ ਤੇ ਨਾਂ ਗੁਰਮੁਖ ਸਿਓਂ!"

ਇਕ ਛੈਲਾ ਬਾਂਕਾ ਪਰ ਕੱਦ ਦਾ ਨਿੱਕਦਾ ਗਭਰੂ ਉਹਨੂੰ ਕਹਿਣ ਲੱਗਾ, "ਪਰਵੀਨ, ਤੇਰੇ ਨਾਲ ਤੁਰਦਿਆਂ ਮੈਂ ਬਹੁਤ ਛੋਟਾ ਲੱਗਦਾਂ। ਮੇਰੀ ਬੇਇਜ਼ਤੀ ਹੁੰਦੀ ਆ।"

ਪਰਵੀਨ ਨੇ ਪੁੱਛਿਆ, "ਹੋਰਨਾਂ ਨਾਲ ਤੁਰਦਿਆਂ ਤੈਨੂੰ 'ਕੱਤੀਆਂ ਤੋਪਾਂ ਦੀ ਸਲਾਮੀ ਮਿਲਦੀ ਆ?"

ਕਿਸੇ ਦੋਸਤ ਨੇ ਕਿਹਾ, "ਚੱਲ ਪਰਵੀਨ, ਹਿੱਲ ਸਟੇਸ਼ਨ 'ਤੇ ਚੱਲੀਏ।"

ਜਵਾਬ ਮਿਲਿਆ, "ਓਥੇ ਸਰਕਸ ਲੱਗੀ ਆ?"

ਇਕ ਦਿਨ ਡਿਸਕਸ ਸੁੱਟਦਿਆਂ ਆਖਣ ਲੱਗਾ, "ਜੇ ਪੰਜਾਹ ਮੀਟਰ ਨਾ ਗਈ ਤਾਂ ਬੇਸ਼ਕ ਮੇਰੀਆਂ ਲੱਤਾਂ ਚਾਰ-ਚਾਰ ਇੰਚ ਛਾਂਗ ਦਿਓ।"

ਪਟਿਆਲੇ ਕੈਂਪ ਵਿਚ ਦੱਖਣੀ ਭਾਰਤ ਦਾ ਅਥਲੀਟ ਬੀਡੂ ਸੀ। ਉਹਦਾ ਕੱਦ ਪੰਜ ਕੁ ਫੁੱਟ ਸੀ। ਇਕ ਰਾਤ ਮੀਂਹ ਪਿਆ ਤੇ ਠੰਢ ਹੋ ਗਈ। ਪਰਵੀਨ ਕਹਿਣ ਲੱਗਾ, "ਲੈ ਓਏ ਬੀਡੂ, ਤੂੰ ਮੇਰਾ ਝੱਗਾ ਆਪਣੇ ਉਤੇ ਲੈ ਲੈ ਤੇ ਆਵਦਾ ਖੇਸ ਮੈਨੂੰ ਦੇ ਦੇ। ਦੋਹੇਂ ਪਾਲੇ ਤੋਂ ਬਚੇ ਰਹਾਂਗੇ!"

ਫਿਲਮਾਂ 'ਚ ਜਾਣ ਦੀ ਰੀਝ ਉਹਦੀ ਚਿਰੋਕਣੀ ਸੀ। ਪਟਿਆਲੇ ਕੈਂਪ ਵਿਚ ਉਹ ਰੇਡੀਓ ਦੇ ਗਾਣੇ ਨਾਲ ਨੱਚਦਾ ਹੁੰਦਾ ਸੀ। ਛੜਾ ਛਾਂਟ ਸੀ। ਜਦੋਂ ਕਮਰੇ 'ਚ 'ਕੱਲਾ ਹੁੰਦਾ ਤਾਂ ਕੰਨਾਂ ਕੋਲ ਦੀ ਮੋਰਚੇ ਲਿਫਾ ਕੇ ਤੇ ਮੋਢੇ ਹਿਲਾ ਕੇ ਨੱਚਦਾ ਸੀ। ਉਹਦਾ ਲੱਕ ਹਿਲਦਾ ਇਓਂ ਲੱਗਦਾ ਜਿਵੇਂ ਬੋਰੀ ਹਿਲਦੀ ਹੋਵੇ!

1973 'ਚ ਉਹਦਾ ਵਿਆਹ ਹੋਇਆ। ਭਲੀ ਸੁਆਣੀ ਮਿਲੀ ਜੋ ਰੋਟੀਆਂ ਲਾਹੁੰਦੀ ਨਾ ਥਕਦੀ। ਬੱਚੀ ਪੈਦਾ ਹੋਈ ਜੋ ਤੋਤਲੀਆਂ ਗੱਲਾਂ ਹਿੰਦੀ 'ਚ ਕਰਦੀ। ਮੈਂ ਹੈਰਾਨ ਕਿ ਸਰਹਾਲੀ ਦੇ ਪਰਵੀਨ ਦੀ ਬੱਚੀ ਹਿੰਦੀ ਬੋਲੇ! ਪਰ ਇਹ 'ਕੱਲੇ ਪਰਵੀਨ ਦੀ ਗੱਲ ਥੋੜ੍ਹੋ ਐ। ਪੰਜਾਬ ਦੇ ਬਥੇਰੇ ਪੜ੍ਹੇ ਲਿਖਿਆਂ ਦਾ ਆਵਾ ਊਤਿਆ ਫਿਰਦੈ। ਗੱਲਾਂ ਬਾਤਾਂ 'ਚ ਪਤਾ ਲੱਗਾ ਕਿ ਪਰਵੀਨ ਨੂੰ ਖਿਡਾਰੀ ਬਣਨ ਦੀ ਖ਼ਾਸ ਖ਼ੁਸ਼ੀ ਨਹੀਂ। ਕਹਿਣ ਲੱਗਾ, "ਏਥੇ ਕੋਈ ਮਰੀਅਲ ਜਿਹਾ ਐਕਟਰ ਆ ਜਾਵੇ ਤਾਂ ਭੀੜ ਅੱਥਰੂ ਗੈਸ ਛੱਡਣ ਆਲੀ ਹੋ ਜਾਂਦੀ ਆ ਪਰ ਸਾਨੂੰ ਏਸ਼ੀਆ ਦੇ ਚੈਂਪੀਅਨਾਂ ਨੂੰ ਕੋਈ ਟੈਂਪੂ 'ਤੇ ਵੀ ਨੀ ਚੜ੍ਹਾਉਂਦਾ! ਏਥੇ ਤਾਂ ਖਿਡਾਰੀਆਂ ਦੇ ਹੱਡ ਵੇਚਣ ਵਾਲੀ ਗੱਲ ਆ।"

ਮੈਂ ਬਦੇਸ਼ਾਂ ਦਾ ਅਨੁਭਵ ਪੁੱਛਿਆ ਤਾਂ ਉਹਨੇ ਕਿਹਾ, "ਬਾਹਰ ਦੇ ਲੋਕ ਬੜੇ ਮਿਲਣਸਾਰ ਆ। ਰਾਹ ਜਾਂਦਿਆਂ ਨੂੰ ਮੇਮਾਂ ਵਿਸ਼ ਕਰਦੀਆਂ। ਸੋਹਣੀਆਂ ਵੀ ਬੜੀਆਂ ਹੁੰਦੀਆਂ। ਬਾਹਰ ਦੇ ਅਥਲੀਟਾਂ ਦਾ ਬਰੇਕ ਫਾਸਟ ਈ ਸਾਡੇ ਸਾਰੇ ਦਿਨ ਦੀ ਖੁਰਾਕ ਜਿੰਨਾ। ਆਪਣੇ ਜਿਵੇਂ ਸਿਨਮਿਆਂ 'ਚ ਰਸ਼ ਹੁੰਦਾ ਓਥੇ ਸਟੇਡੀਅਮ ਭਰੇ ਹੁੰਦੇ ਆ। ਪਾਕਿਸਤਾਨੀ ਮਿਲ ਜਾਣ ਤਾਂ ਬੜਾ ਪਿਆਰ ਕਰਦੇ ਆ। ਲਾਹੌਰੀਏ-ਅੰਬਰਸਰੀਏ ਇਕੋ ਜਹੇ ਜੁ ਹੋਏ। ਐਥੇ ਮੈਂ ਮੋਟੇ ਬੰਦਿਆਂ 'ਚ ਗਿਣਿਆ ਜਾਨਾਂ, ਬਾਹਰ ਆਮ ਵਰਗਿਆਂ 'ਚ ਆਂ। ਰੂਸ ਦਾ ਹੈਵੀ ਵੇਟ ਲਿਫਟਰ ਅਲੈਕਸੀਏਵ ਇੰਡੀਆ ਆ ਜਾਵੇ ਤਾਂ ਆਪਣੇ ਬੇਲੀ ਮਖੌਲ ਕਰਨੋਂ ਈ ਨਾ ਹੱਟਣ। ਉਹ ਦੋ ਕੁਇੰਟਲ ਤੋਂ ਉਤੇ ਜੁ ਹੋਇਆ। ਮੇਰਾ ਕੱਦ ਦੇਖ ਕੇ ਇਕ ਗੋਰਾ ਕਹਿਣ ਲੱਗਾ, ਤੂੰ ਇੰਡੀਅਨ ਨੀ ਲੱਗਦਾ। ਮੈਂ ਆਖਿਆ, ਤੂੰ ਮਦਰਾਸ ਅੱਲ ਦੇ ਦੇਖੇ ਹੋਣੇ ਆਂ, ਪੰਜਾਬ 'ਚ ਬਥੇਰੇ ਕੱਦਾਵਰ ਨੇ। ਜੇ ਮੈਂ ਬਾਹਰ ਜੰਮਦਾ ਤਾਂ ਹੋਰ ਵੀ ਤਕੜਾ ਅਥਲੀਟ ਬਣਦਾ। ਬਾਹਰ ਨੈੱਕ ਟੂ ਨੈੱਕ ਕੰਪੀਟੀਸ਼ਨ ਆਂ, ਏਥੇ ਬਾਰਾਂ ਸਾਲ ਕੋਈ ਮੇਰੇ ਲਾਗੇ ਨੀ ਲੱਗਿਆ।"



ਪਰਵੀਨ ਦਾ ਰੰਗ ਪੱਕਾ ਕਣਕਵੰਨਾ ਹੈ। ਬੁੱਲ੍ਹ ਮੋਟੇ ਹਨ, ਸਿਹਲੀਆਂ ਸੰਘਣੀਆਂ ਤੇ ਕੱਦ ਦੇ ਲਿਹਾਜ ਮੱਥਾ ਛੋਟਾ ਲੱਗਦਾ ਹੈ। ਖੱਬੀ ਸਿਹਲੀ 'ਤੇ ਚੱਟਾਕ ਹੈ, ਸੱਜੇ ਪੱਟ 'ਤੇ ਮੋਰਨੀ ਤੇ ਖੱਬੇ ਡੌਲ਼ੇ 'ਤੇ ਲਾਟੂਆਂ ਜਿੱਡੇ ਲੋਦਿਆਂ ਦੇ ਦਾਗ਼ ਹਨ। ਉਹ ਜਦੋਂ ਹੱਸਦਾ ਹੈ ਤਾਂ ਵੇਖਣ ਵਾਲੇ ਦਾ ਆਮੁਹਾਰੇ ਹਾਸਾ ਨਿਕਲ ਜਾਂਦਾ ਹੈ। ਇਕ ਵਾਰ ਰੇਲ ਗੱਡੀ 'ਚ ਉਹਨੂੰ ਮੁਸਕ੍ਰਾਉਂਦੇ ਨੂੰ ਵੇਖ ਕੇ ਇਕ ਚਾਰ ਪੰਜ ਸਾਲ ਦਾ ਬੱਚਾ ਹੱਸਣ ਲੱਗ ਪਿਆ। ਪਰ ਜਦੋਂ ਪਰਵੀਨ ਖੁੱਲ੍ਹ ਕੇ ਹੱਸਿਆ ਤਾਂ ਬੱਚੇ ਦਾ ਹਾਸਾ ਕਾਫ਼ੂਰ ਹੋ ਗਿਆ ਤੇ ਉਹ ਉੱਚੀ-ਉੱਚੀ ਡਾਡਾਂ ਮਾਰਨ ਲੱਗਾ।

ਉਹ ਸਿਨਮਾ ਵੇਖਦਾ ਹੈ ਤਾਂ ਪਿਛਲੀਆਂ ਕਤਾਰਾਂ ਵਾਲੇ 'ਪਲੀਜ਼' 'ਪਲੀਜ਼' ਕਰਦੇ ਰਹਿੰਦੇ ਹਨ। ਇਕ ਦਰਸ਼ਕ ਨੇ ਕਿਹਾ, "ਭਾਅ ਜੀ, ਰਤਾ ਧੌਣ ਥੱਲੇ ਨੂੰ ਕਰਿਓ।"

ਪਰਵੀਨ ਨੇ ਜਵਾਬ ਦਿੱਤਾ, "ਇਹ ਅਸਲੀ ਆ, ਨਕਲੀ ਨਹੀਂ।"

ਇਕ ਦਿਨ ਕਹਿਣ ਲੱਗਾ, "ਹੁਣ ਤਾਂ ਯਾਰ ਰਿਕਸ਼ਿਆਂ ਆਲੇ ਵੀ ਨੀ ਚੜ੍ਹਾਉਂਦੇ। ਦੁੱਗਣੇ ਪੈਸੇ ਮੰਗਦੇ ਆ। ਬਜ਼ਾਰ ਜਾਈਏ ਤਾਂ ਲਾਲੇ ਤਕੜੀਆਂ ਛੱਡ ਕੇ ਹੱਟੀਆਂ 'ਚੋਂ ਨਿਕਲ-ਨਿਕਲ ਵੇਂਹਦੇ ਆ। ਉੱਚੇ ਕੱਦ ਦਾ ਫ਼ੈਦਾ ਵੀ ਆ ਤੇ ਨੁਕਸਾਨ ਵੀ।"

ਜਦੋਂ ਉਹ ਪਿੰਡ ਰਹਿੰਦਾ ਸੀ ਤਾਂ ਉਹਦਾ ਚੰਗੇ ਤੋਂ ਚੰਗੇ ਤੇ ਮਾੜੇ ਤੋਂ ਮਾੜੇ ਸਭਨਾਂ ਨਾਲ ਬਹਿਣ ਖਲੋਣ ਸੀ। ਪਿੰਡ ਦੇ ਅੰਨ੍ਹੇ ਉਹਦੀ ਚਾਲ ਦੀ ਧਮਕ ਤੋਂ ਹੀ ਉਹਨੂੰ ਸਿਆਣ ਜਾਂਦੇ ਸਨ ਤੇ ਟੋਹ ਕੇ ਦੱਸ ਦਿੰਦੇ ਸਨ ਕਿ ਪਹਿਲਾਂ ਨਾਲੋਂ ਲਿੱਸਾ ਹੈ ਜਾਂ ਤਕੜਾ। ਪਿੰਡ ਵਿਚ ਉਹਦੀ ਰੀਸੇ ਕਈ ਬੱਚਿਆਂ ਦਾ ਨਾਂ ਪਰਵੀਨ ਰੱਖਿਆ ਗਿਆ। ਜਦੋਂ ਉਹ ਨਵਾਂ-ਨਵਾਂ ਖੇਡਾਂ ਵੱਲ ਆਇਆ ਸੀ ਤਾਂ ਮੈਂ ਪੁੱਛਿਆ ਸੀ, "ਖੇਡ ਪੱਤਰਕਾਰਾਂ ਬਾਰੇ ਕੀ ਖ਼ਿਆਲ ਐ?"

ਉਹਨੇ ਸੋਚ ਕੇ ਜਵਾਬ ਦਿੱਤਾ ਸੀ, "ਖ਼ਿਆਲ ਤਾਂ ਮੇਰਾ ਕੋਈ ਨੀ। ਪਰ ਇਕ ਗੱਲ ਆ। ਪਿੱਛੇ ਜਿਹੇ ਇਕ ਅਖ਼ਬਾਰ ਆਲੇ ਨੇ ਲਿਖਤਾ ਪਈ ਗੌਰਮਿੰਟ ਨੇ ਮੈਨੂੰ ਟਰੈਕ ਸੂਟ ਦਿੱਤਾ। ਜਦ ਕਿ ਟਰੈਕ ਸੂਟ ਮੈਨੂੰ ਕਿਸੇ ਕੁੜੀ ਦੇ ਯਾਰ ਨੇ ਨੀ ਦਿੱਤਾ। ਉਹ ਮੈਂ ਆਪ ਖਰੀਦਿਆ।"

ਉਹ ਅਮਰੀਕਾ ਗਿਆ ਤਾਂ ਉਥੇ ਓਦਰ ਗਿਆ। ਆਥਣ ਨੂੰ ਉਦਾਸ ਹੋ ਜਾਵੇ। ਉਹਦਾ ਪੰਜਾਬੀ 'ਚ ਘਰੇਲੂ ਗੱਲਾਂ ਕਰਨ ਨੂੰ ਜੀਅ ਕਰੇ ਪਰ ਘਰ ਦਾ ਕੋਈ ਬੰਦਾ ਨਾ ਮਿਲੇ। ਅਚਾਨਕ ਇਕ ਨੌਜੁਆਨ ਨੇ ਸਤਿ ਸ੍ਰੀ ਅਕਾਲ ਬੁਲਾਈ ਤੇ ਪੁੱਛਿਆ, "ਮੈਨੂੰ ਸਿਆਣਿਆਂ?"

ਪਰਵੀਨ ਨੇ ਧਾਹ ਕੇ ਜੱਫੀ ਪਾ ਲਈ ਤੇ ਕਿਹਾ, "ਬੇਲੀਆ ਸਿਆਣਿਆਂ ਭਾਵੇਂ ਨਹੀਂ, ਪਰ ਹੁਣ ਤੂੰ ਮੇਰੀ ਜੱਫੀ 'ਚੋਂ ਨਿਕਲ ਨੀਂ ਸਕਦਾ।" ਤੇ ਉਹ ਏਨੇ ਚਾਂਭਲੇ ਕਿ ਸਣੇ ਕਪੜੀਂ ਪੂਲ 'ਚ ਇਕ ਦੂਜੇ ਦੇ ਗੋਤੇ ਲੁਆਉਂਦੇ ਰਹੇ।

ਮੈਂ ਜਿੰਨੇ ਵਾਰ ਵੀ ਇਸ ਰੰਗੀਲੇ ਖਿਡਾਰੀ ਨੂੰ ਮਿਲਿਆਂ, ਚਿੱਤ ਬੇਹੱਦ ਖ਼ੁਸ਼ ਹੋਇਆ। ਅੰਦਰੋਂ ਬਾਹਰੋਂ ਖਰਾ, ਹਸਮੁੱਖ, ਮਖੌਲੀਆ ਤੇ ਮਿਲਣਸਾਰ। ਖ਼ੁਦ ਤਕੜਾ ਹੋਣ ਕਰਕੇ ਉਹਨੂੰ ਬਾਕੀ ਕਮਜ਼ੋਰ ਦਿਸਦੇ ਹਨ। ਕਹਿੰਦਾ ਰਹਿੰਦਾ ਹੈ, "ਰੱਬ ਮੈਨੂੰ ਏਨਾ ਦੇਵੇ ਕਿ ਮੈਂ ਗਰੀਬ ਗੁਰਬੇ ਦੀ ਮਦਦ ਕਰ ਸਕਾਂ।"

1966 ਦੀ ਪਹਿਲੀ ਮੁਲਾਕਾਤ ਵਿਚ ਉਸ ਨੇ ਕਿਹਾ ਸੀ, "ਦਾਤਾ ਮਿਹਰਾਂ ਰੱਖੇ। ਭਾਵੇਂ ਮੇਰੀਆਂ ਬਾਂਹਾਂ ਹੈਮਰ ਦੇ ਨਾਲ ਈ ਨਿਕਲ ਜਾਣ ਪਰ ਹੈਮਰ ਢਾਈ ਸੌ ਫੁੱਟ ਚਲਿਆ ਜਾਵੇ! ਮੈਂ ਤਕਾਲਾਂ ਦੀ ਰੋਟੀ ਛੱਡ ਸਕਦਾਂ ਪਰ ਪ੍ਰੈਕਟਿਸ ਨ੍ਹੀਂ। ਤੜਕੇ ਚਾਰ ਵਜੇ ਤੋਂ ਪਿੱਛੋਂ ਸੌਣਾ ਹੁਣ ਮੇਰੇ ਲਈ ਹਰਾਮ ਆ। ਜਿਦੇਂ ਮੈਂ ਦੁਨੀਆ ਜਿੱਤੀ, ਅੰਬਰਸਰ ਸੁੱਖਣਾ ਦੇਵਾਂਗਾ।"

ਉਹ ਦੁਨੀਆ ਤਾਂ ਨਹੀਂ ਜਿੱਤ ਸਕਿਆ ਪਰ ਲੱਖਾਂ ਲੋਕਾਂ ਦੇ ਦਿਲ ਜਿੱਤੀ ਬੈਠਾ ਹੈ। ਸਰਹਾਲੀ, ਜਲੰਧਰ ਤੇ ਮੁੰਬਈ ਹੁੰਦਾ ਹੋਇਆ ਅੱਜ-ਕੱਲ੍ਹ ਦਿੱਲੀ ਰਹਿੰਦਾ ਹੈ ਪਰ ਉਹਦਾ ਹਾਸਾ ਠੱਠਾ ਅਜੇ ਵੀ ਸਰਹਾਲੀ ਵਾਲਾ ਹੀ ਹੈ।


# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224

# ਪੰਜਾਬ ਇਨ੍ਹਾਂ ਚੋਣਾਂ ਮਗਰੋਂ ਰਾਜਸੀ ਤੇ ਸਮਾਜੀ ਪੱਖੋਂ ਅਸਲੋਂ ਬਦਲਿਆ ਵੇਖਣ ਨੂੰ ਮਿਲ ਸਕਦੈ





ਜਤਿੰਦਰ ਪੰਨੂ

ਆਪਣੇ ਪਾਠਕਾਂ ਨਾਲ ਸਾਂਝ ਪਾਉਣ ਵਾਲੀ ਇਹ ਲਿਖਤ ਲਿਖਣ ਤੱਕ ਪੰਜਾਬ ਦੇ ਲੋਕਾਂ ਦੇ ਪ੍ਰਤੀਨਿਧ ਬਣਨ ਦੇ ਚਾਹਵਾਨਾਂ ਦੀਆਂ ਨਾਮਜ਼ਦਗੀਆਂ ਦਾ ਕੰਮ ਪੂਰਾ ਹੋ ਚੁੱਕਾ ਹੈ। ਜਿਨ੍ਹਾਂ ਦੇ ਕਾਗਜ਼ ਰੱਦ ਹੋਣ ਵਾਲੇ ਸਨ, ਹੋ ਗਏ ਤੇ ਜਿਸ ਕਿਸੇ ਨੇ ਇੱਕ ਜਾਂ ਦੂਸਰੀ ਧਿਰ ਨਾਲ ਸੈਨਤ ਮਿਲਾ ਕੇ ਕਾਗਜ਼ ਵਾਪਸ ਲੈਣੇ ਸਨ, ਉਹ ਇਹ ਕੰਮ ਕਰ ਚੁੱਕਾ ਹੈ। ਇਸ ਦੇ ਬਾਅਦ ਵੀ ਕੁਝ ਉਮੀਦਵਾਰਾਂ ਨੇ ਦਲਬਦਲੀ ਕਰਨੀ ਅਤੇ ਇੱਕ ਜਾਂ ਦੂਸਰੀ ਪਾਰਟੀ ਜਾਂ ਉਮੀਦਵਾਰ ਦੀ ਹਮਾਇਤ ਦਾ ਪਾਖੰਡ ਕਰ ਕੇ ਚੋਣ ਮੈਦਾਨ ਤੋਂ ਹਟਣ ਦਾ ਐਲਾਨ ਕਰਨਾ ਹੈ। ਇਹ ਕੰਮ ਚੋਣਾਂ ਵਾਲੇ ਦਿਨ ਤੱਕ ਹੁੰਦਾ ਰਹਿਣਾ ਹੈ ਤੇ ਏਦਾਂ ਦੀ ਖੇਡ ਖੇਡਣ ਲਈ ਕੁਝ ਇਹੋ ਜਿਹੇ ਗੈਰ-ਗੰਭੀਰ ਉਮੀਦਵਾਰ ਮੈਦਾਨ ਵਿੱਚ ਹਨ, ਜਿਹੜੇ ਵਿਧਾਨ ਸਭਾ ਤੇ ਪਾਰਲੀਮੈਂਟ ਸਮੇਤ ਹਰ ਚੋਣ ਲੜਨ ਲਈ ਕਾਗਜ਼ ਭਰਦੇ ਅਤੇ ਚੁੱਕਦੇ ਹਨ। ਕਈ ਵਾਰੀ ਚੋਣ ਲੜ ਰਿਹਾ ਉਮੀਦਵਾਰ ਉਨ੍ਹਾਂ ਨੂੰ ਇਸ ਕੰਮ ਲਈ ਚਾਰ ਪੈਸੇ ਦੇ ਕੇ ਹਮਾਇਤ ਕਰਵਾ ਲੈਂਦਾ ਹੈ ਤੇ ਕਈ ਵਾਰੀ ਜੇ ਕੋਈ ਏਦਾਂ ਦੀ ਗੱਲ ਕਹਿਣ ਵਾਲਾ ਨਾ ਆਵੇ ਤਾਂ ਚੋਣਾਂ ਤੋਂ ਚਾਰ ਕੁ ਦਿਨ ਪਹਿਲਾਂ ਉਹ ਖੁਦ ਜਾ ਕੇ ਹਮਾਇਤ ਕਰਨ ਵਾਲੀ ਪੇਸ਼ਕਸ਼ ਕਰ ਕੇ ਫੋਟੋ ਖਿੱਚਵਾ ਲੈਂਦੇ ਹਨ। ਇਸ ਵਿੱਚ ਵੀ ਕੋਈ ਖਾਸ ਰਾਜ਼ ਹੁੰਦਾ ਹੈ। ਜਲੰਧਰ ਵਿੱਚ ਇੱਕ ਤਾਕਤ ਦਾ ਬਾਦਸ਼ਾਹ ਅਖਵਾਉਣ ਵਾਲਾ ਜਾਅਲੀ ਡਾਕਟਰ ਲਗਭਗ ਹਰ ਚੋਣ ਵਿੱਚ ਏਦਾਂ ਖੜਾ ਹੁੰਦਾ ਹੈ, ਪਰ ਕਿਸੇ ਨੂੰ ਵੋਟਾਂ ਦੀ ਬੇਨਤੀ ਕਰਨ ਨਹੀਂ ਜਾਂਦਾ, ਵੋਟਿੰਗ ਦੇ ਦਿਨ ਨੇੜੇ ਜਾ ਕੇ ਕਿਸੇ ਦੀ ਹਮਾਇਤ ਕਰ ਕੇ ਉਸ ਦੀ ਪਾਰਟੀ ਦੇ ਵੱਡੇ ਆਗੂ ਨਾਲ ਫੋਟੋ ਖਿਚਵਾ ਲਿਆਉਂਦਾ ਅਤੇ ਆਪਣੇ ਕਲਿਨਿਕ ਵਿੱਚ ਲਾ ਲੈਂਦਾ ਹੈ। ਉਸ ਨੇ ਇੱਕ ਵਾਰੀ ਪੰਜਾਬ ਦੇ ਮੁੱਖ ਮੰਤਰੀ ਬਜ਼ੁਰਗ ਨਾਲ ਫੋਟੋ ਖਿਚਵਾਈ ਤੇ ਫਿਰ ਆਪਣੇ ਗ੍ਰਾਹਕਾਂ ਨੂੰ ਕਈ ਸਾਲ ਕਹਿੰਦਾ ਰਿਹਾ ਸੀ ਕਿ ਮੁੱਖ ਮੰਤਰੀ ਹੁੰਦਿਆਂ ਵੀ ਇਨ੍ਹਾਂ ਲਈ ਤਾਕਤ ਦੀ ਦਵਾਈ ਹਰ ਹਫਤੇ ਮੈਂ ਦੇਣ ਜਾਇਆ ਕਰਦਾ ਸਾਂ। ਸਾਬਕਾ ਮੁੱਖ ਮੰਤਰੀ ਇਹ ਗੱਲ ਕਦੀ ਨਹੀਂ ਸੀ ਜਾਣ ਸਕਿਆ ਕਿ ਉਸ ਨੂੰ ਬ੍ਰਾਂਡ ਅੰਬੈਸਡਰ ਬਣਾ ਕੇ ਕਿਸ ਕਿਸਮ ਦੀ ਦਵਾਈ ਵਿਕ ਰਹੀ ਸੀ।

ਗੈਰ-ਗੰਭੀਰ ਉਮੀਦਵਾਰਾਂ ਦੀ ਗੱਲ ਛੱਡ ਕੇ ਅਸੀਂ ਗੰਭੀਰ ਸਥਿਤੀ ਦੀ ਗੱਲ ਕਰੀਏ ਤਾਂ ਇਸ ਵਾਰੀ ਪੰਜਾਬ ਦੇ ਲੋਕਾਂ ਨੂੰ ਜੋ ਕੁਝ ਦਿੱਸਦਾ ਹੈ, ਉਹ ਸਿਰਫ ਸਾਹਮਣੇ ਲਟਕੀ ਤਸਵੀਰ ਹੈ, ਜਦ ਕਿ ਪਰਦੇ ਦੇ ਓਹਲੇ ਬੜਾ ਕੁਝ ਇਹੋ ਜਿਹਾ ਹੋ ਰਿਹਾ ਹੈ, ਜਿਸ ਦੀ ਜਾਣਕਾਰੀ ਬਹੁਤ ਘੱਟ ਲੋਕਾਂ ਨੂੰ ਹੈ। ਕਿਸਾਨਾਂ ਦੇ ਸੰਘਰਸ਼ ਦੀ ਸਵਾ ਸਾਲ ਤੋਂ ਵੱਧ ਸਮਾਂ ਅਗਵਾਈ ਕਰ ਕੇ ਆਏ ਕਿਸਾਨ ਆਗੂਆਂ ਦੇ ਇੱਕ ਹਿੱਸੇ ਨੇ ਚੋਣਾਂ ਲੜਨ ਦਾ ਮਨ ਬਣਾਇਆ ਤਾਂ ਉਮੀਦਵਾਰ ਵਜੋਂ ਇਹੋ ਜਿਹੇ ਕੁਝ ਲੋਕ ਵੀ ਉਨ੍ਹਾਂ ਦੀ ਟਿਕਟ ਲੈਣ ਵਿੱਚ ਸਫਲ ਹੋ ਗਏ ਹਨ, ਜਿਹੜੇ ਦਿੱਲੀ ਦੀ ਫਿਰਨੀ ਉੱਤੇ ਦਿਖਾਈ ਹੀ ਕਦੇ ਨਹੀਂ ਸੀ ਦਿੱਤੇ। ਜਿਹੜੇ ਲੀਡਰ ਦਿੱਲੀ ਵਿੱਚ ਸਾਂਝੇ ਮੰਚ ਤੋਂ ਇੱਕੋ ਜਿਹੀ ਸੁਰ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਵਿਰੋਧ ਕੀਤਾ ਕਰਦੇ ਸਨ, ਚੋਣ ਦੇ ਵਕਤ ਪੰਜਾਬ ਵਿੱਚ ਉਹ ਵੱਖੋ-ਵੱਖ ਸਿਆਸੀ ਧਿਰਾਂ ਦੇ ਨਾਲ ਸਿੱਧੇ ਜੁੜੇ ਹੋਏ ਜਾਂ ਅਸਿੱਧੀ ਸਾਂਝ ਨਿਭਾਉਂਦੇ ਨਜ਼ਰ ਪੈਂਦੇ ਹਨ। ਬਲਬੀਰ ਸਿੰਘ ਰਾਜੇਵਾਲ ਵਰਗੇ ਕੁਝ ਨੇਤਾ ਇਨ੍ਹਾਂ ਚੋਣਾਂ ਵਿੱਚ ਦਿਲੋਂ ਸੰਘਰਸ਼ ਕਰਦੇ ਜਾਪਦੇ ਹਨ, ਪਰ ਉਨ੍ਹਾਂ ਲਈ ਕਿਸੇ ਹੋਰ ਤੋਂ ਵੱਧ ਖਤਰਾ ਆਪਣੇ ਪੁਰਾਣੇ ਦੋਸਤਾਂ ਵੱਲੋਂ ਗੁੱਝੀ ਮਾਰ ਪੈਣ ਦਾ ਹੈ। ਫਿਰ ਵੀ ਕਈ ਲੋਕਾਂ ਦੀ ਹਮਦਰਦੀ ਉਨ੍ਹਾਂ ਨਾਲ ਕਹੀ ਜਾਂਦੀ ਹੈ।

ਕਾਂਗਰਸ ਪਾਰਟੀ ਆਪਣੇ ਕੋੜਮਾ-ਕਲੇਸ਼ ਤੋਂ ਨਿਕਲਣ ਵਿੱਚ ਏਨੀ ਦੇਰ ਕਰ ਚੁੱਕੀ ਹੈ ਕਿ ਅਗਲੇ ਦਿਨਾਂ ਵਿੱਚ ਉਹ ਇਸ ਅਜਾਈਂ ਗੰਵਾਏ ਸਮੇਂ ਦੀ ਭਰਪਾਈ ਕਰਨ ਜੋਗੀ ਨਹੀਂ ਜਾਪਦੀ। ਉਸ ਦੇ ਆਪਣੇ ਬਾਗੀਆਂ ਨੇ ਕਈ ਹਲਕੇ ਇਸ ਪਾਰਟੀ ਦੇ ਵਿਰੋਧੀਆਂ ਦੀ ਝੋਲੀ ਪਾਉਣ ਦੀ ਸਹੁੰ ਖਾਧੀ ਜਾਪਦੀ ਹੈ ਅਤੇ ਇਨ੍ਹਾਂ ਬਾਗੀਆਂ ਵਿੱਚ ਮੁੱਖ ਮੰਤਰੀ ਦਾ ਆਪਣਾ ਸਕਾ ਭਰਾ ਵੀ ਸ਼ਾਮਲ ਹੈ, ਜਿਹੜਾ ਬੱਸੀ ਪਠਾਣਾਂ ਤੋਂ ਲੱਤ ਅੜਾਈ ਬੈਠਾ ਹੈ। ਕੁਝ ਸੀਟਾਂ ਕਾਂਗਰਸੀ ਬਾਗੀਆਂ ਵੱਲੋਂ ਜਿੱਤਣ ਦੀ ਸੰਭਾਵਨਾ ਵੀ ਜਤਾਈ ਜਾ ਰਹੀ ਹੈ। ਅਕਾਲੀ ਦਲ ਵਿੱਚ ਇਹੋ ਜਿਹੀ ਬਿਮਾਰੀ ਕੁਝ ਘੱਟ ਹੈ। ਜਿਹੜਾ ਕੋਈ ਉਲਝਣ ਵਧਾਉਣ ਲੱਗਦਾ ਹੈ, ਬਿਨਾ ਕਿਸੇ ਕਮੇਟੀ ਦੀ ਮੀਟਿੰਗ ਕਰਨ ਤੋਂ ਸੁਖਬੀਰ ਸਿੰਘ ਬਾਦਲ ਖੁਦ ਹੀ ਉਸ ਨੂੰ ਪਾਰਟੀ ਵਿੱਚੋਂ ਬਾਹਰ ਕਰ ਦੇਂਦਾ ਹੈ ਤੇ ਇਹੋ ਜਿਹੇ ਲੋਕਾਂ ਲਈ ਭਾਜਪਾ ਅਤੇ ਕੈਪਟਨ ਅਮਰਿੰਦਰ ਸਿੰਘ ਦੇ ਧੜੇ ਨੇ ਦਰਵਾਜ਼ੇ ਰਾਤ-ਦਿਨ ਖੋਲ੍ਹੀ ਰੱਖੇ ਅਤੇ ਕਈ ਲੋਕਾਂ ਨੂੰ ਟਿਕਟਾਂ ਨਾਲ ਨਵਾਜ਼ਿਆ ਹੈ। ਉਨ੍ਹਾਂ ਵਿੱਚੋਂ ਵੀ ਕੁਝ ਉਮੀਦਵਾਰਾਂ ਦੇ ਜਿੱਤਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਭਾਜਪਾ ਦਾ ਆਪਣਾ ਕੋਈ ਵਿਰਲਾ-ਵਾਂਝਾ ਬਾਗੀ ਹੋਇਆ ਹੈ ਤੇ ਅਗਲੇ ਪਾਸੇ ਕਿਸੇ ਨੇ ਉਸ ਆਗੂ ਨਾਲ ਖਾਸ ਮੋਹ ਨਹੀਂ ਜਤਾਇਆ, ਉਹ ਰੋਂਦਾ ਰਹਿ ਗਿਆ ਹੈ। ਮਦਨ ਮੋਹਨ ਮਿੱਤਲ ਵਰਗੇ ਲਈ ਅਕਾਲੀ ਦਲ ਨੇ ਆਪਣੇ ਦਰਵਾਜ਼ੇ ਖੋਲ੍ਹ ਦਿੱਤੇ, ਪਰ ਉਸ ਨੂੰ ਜਾਂ ਉਸ ਦੇ ਪੁੱਤਰ ਨੂੰ ਸਿਰਫ ਅਕਾਲੀ ਦਲ ਕੋਲੋਂ ਸਿਰੋਪਾ ਹੀ ਮਿਲਿਆ ਹੈ, ਚੋਣ ਲੜਨ ਲਈ ਜਿਸ ਟਿਕਟ ਦੀ ਝਾਕ ਸੀ, ਉਹ ਨਹੀਂ ਮਿਲ ਸਕੀ।

ਆਮ ਆਦਮੀ ਪਾਰਟੀ ਇਸ ਵਹਿਮ ਦੀ ਸ਼ਿਕਾਰ ਹੋਈ ਪਈ ਹੈ ਕਿ ਉਸ ਦੇ ਮੁੱਖ ਮੰਤਰੀ ਦੇ ਉਮੀਦਵਾਰ ਲਈ ਲੱਖਾਂ ਪੰਜਾਬੀਆਂ ਨੇ ਫੋਨ ਨੰਬਰ ਉੱਤੇ ਕਲਿੱਕ ਕੀਤੀ ਸੀ ਅਤੇ ਇਸ ਲਈ ਅਸੀਂ ਜਿੱਤ ਹੀ ਜਾਣਾ ਹੈ। ਇਸ ਵਹਿਮ ਦੀ ਮਾਰ ਕਾਰਨ ਉਨ੍ਹਾਂ ਦੇ ਕੁਝ ਉਮੀਦਵਾਰ ਬੇਰੀ ਹੇਠ ਮੂੰਹ ਖੋਲ੍ਹ ਕੇ ਪਏ ਅਮਲੀ ਵਾਂਗ ਵਿਹਾਰ ਕਰਦੇ ਹਨ ਕਿ ਜਦੋਂ ਬੇਰ ਡਿੱਗੇਗਾ ਤਾਂ ਮੇਰੇ ਹੀ ਮੂੰਹ ਵਿੱਚ ਡਿੱਗੇਗਾ। ਉਹ ਵੀਹ ਫਰਵਰੀ ਦੇ ਦਿਨ ਵੋਟਾਂ ਪੈਣ ਵੇਲੇ ਮਾਰ ਖਾ ਸਕਦੇ ਹਨ। ਮਾਰਚ ਦੀ ਉਡੀਕ ਕੀਤੇ ਬਿਨਾਂ ਹੀ ਕਈ ਕਾਹਲੇ ਸੱਜਣ ਆਪਣੇ ਵਾਸਤੇ ਵਜ਼ੀਰੀ ਦਾ ਜੁਗਾੜ ਕਰਨ ਦੀ ਖੇਡ ਵਿੱਚ ਰੁੱਝੇ ਸੁਣੇ ਜਾ ਰਹੇ ਹਨ। ਇਹ ਵੱਡੀ ਖਾਹਿਸ਼ ਉਨ੍ਹਾਂ ਦੀ ਪਿਛਲੀ ਕੀਤੀ-ਕੱਤਰੀ ਖੂਹ ਵਿੱਚ ਵੀ ਪਾ ਸਕਦੀ ਹੈ।

ਅਕਾਲੀ ਦਲ ਪਿਛਲੇ ਸਾਲ ਦੇ ਪਹਿਲੇ ਨੌਂ ਮਹੀਨਿਆਂ ਤੱਕ ਸਾਰਿਆਂ ਤੋਂ ਵੱਧ ਅਣਚਾਹੀ ਧਿਰ ਬਣਿਆ ਪਿਆ ਸੀ, ਪਰ ਉਸ ਦੇ ਬਾਅਦ ਉਸ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਸ ਨੂੰ ਸਿਆਸੀ ਖੇਤਰ ਵਿੱਚ ਆਪਣੀ ਹੋਂਦ ਦਾ ਸਵਾਲ ਬਣਾ ਕੇ ਜਿਹੜੀ ਸਰਗਰਮੀ ਕੀਤੀ ਹੈ, ਉਸ ਨੇ ਪਾਰਟੀ ਦੀ ਹਾਲਤ ਕਾਫੀ ਸੁਧਾਰੀ ਹੈ। ਅਜੇ ਇਸ ਪਾਰਟੀ ਦੀ ਪੰਜਾਬ ਪੱਧਰ ਦੀ ਜਿੱਤ ਦੀ ਭਵਿੱਖਬਾਣੀ ਕਰਨੀ ਔਖੀ ਹੈ, ਪਰ ਪਹਿਲਾਂ ਵਾਂਗ ਅਸਲੋਂ ਨਿਤਾਣੀ ਵੀ ਇਹ ਪਾਰਟੀ ਨਹੀਂ ਕਹੀ ਜਾ ਸਕਦੀ। ਜਿਸ ਮਾਲਵੇ ਵਿੱਚ ਇਸ ਨੂੰ ਬਾਹਲੀ ਮਾਰ ਪੈਣ ਦੇ ਸੰਕੇਤ ਸਨ, ਉਸ ਪਾਸਿਉਂ ਦੂਸਰੀਆਂ ਧਿਰਾਂ ਦੇ ਆਗੂ ਟੁੱਟ ਕੇ ਜਦੋਂ ਇਸ ਪਾਰਟੀ ਵਿੱਚ ਜੁੜਨ ਲੱਗੇ ਹਨ ਤਾਂ ਇਸ ਦਾ ਕੋਈ ਕਾਰਨ ਹੈ। ਪਾਰਟੀ ਦੀ ਚੋਣ ਕਮਾਨ ਇਸ ਵਕਤ ਸੁਖਬੀਰ ਸਿੰਘ ਬਾਦਲ ਦੇ ਹੱਥ ਨਹੀਂ, ਪਾਰਟੀ ਦੇ ਸਰਪ੍ਰਸਤ ਤੇ ਪੰਜਾਂ ਵਾਰੀਆਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਖੁਦ ਆ ਸੰਭਾਲੀ ਹੈ। ਉਸ ਨੇ ਕਿਹਾ ਹੈ ਕਿ ਆਪਣੇ ਲਈ ਨਹੀਂ, ਪਾਰਟੀ ਲਈ ਖੇਚਲ ਕਰ ਰਿਹਾ ਹਾਂ। ਉਹ ਕਈ ਪੱਤਣਾਂ ਦਾ ਤਾਰੂ ਬਾਬਾ ਇਸ ਵੇਲੇ ਪੰਜਾਬ ਭਰ ਵਿੱਚ ਪੁਰਾਣੇ ਸੰਪਰਕਾਂ ਅਤੇ ਸੁਖਬੀਰ ਸਿੰਘ ਨਾਲ ਨਾਰਾਜ਼ ਹੋਏ ਆਗੂਆਂ ਨੂੰ ਫੋਨ ਕਰ ਕੇ ਪੁਰਾਣੀ ਸਾਂਝ ਦਾ ਵਾਸਤਾ ਦੇਂਦਾ ਹੈ ਤਾਂ ਇਸ ਦਾ ਅਸਰ ਵੀ ਪੈਂਦਾ ਜਾਪਦਾ ਹੈ।

ਸਭ ਤੋਂ ਹੈਰਾਨੀ ਵਾਲੀ ਸਰਗਰਮੀ ਭਾਜਪਾ ਦੀ ਹੈ। ਉਸ ਦੀ ਸਾਰੀ ਸਿਖਰਲੀ ਲੀਡਰਸ਼ਿਪ ਇਸ ਵਕਤ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਨੂੰ ਜੰਗ ਵਾਂਗ ਲੜਨ ਦੇ ਇਰਾਦੇ ਨਾਲ ਲੈ ਰਹੀ ਹੈ ਅਤੇ ਜ਼ਾਹਰਾ ਤੌਰ ਉੱਤੇ ਬਾਹਲੀ ਭਾਜੜ ਵਿਖਾਏ ਬਿਨਾਂ ਉਹ ਆਪਣੇ ਕਈ ਰਾਜਾਂ ਦੇ ਕਾਡਰ ਨੂੰ ਪੰਜਾਬ ਵਿੱਚ ਠੇਲ੍ਹ ਕੇ ਅੰਦਰੋ-ਅੰਦਰ ਏਦਾਂ ਦੀ ਯੋਜਨਾ ਤਹਿਤ ਕੰਮ ਕਰ ਰਹੇ ਹਨ ਕਿ ਜਿਨ੍ਹਾਂ ਨੂੰ ਇਸ ਦੀ ਜਾਣਕਾਰੀ ਹੈ, ਉਹ ਹੈਰਾਨ ਹੋ ਰਹੇ ਹਨ। ਭਾਜਪਾ ਨਾਲ ਨੇੜਿਉਂ ਜੁੜੇ ਲੋਕ ਇਹ ਸਾਫ ਕਹਿੰਦੇ ਹਨ ਕਿ ਇਸ ਵਾਰੀ ਸਰਕਾਰ ਸਾਡੀ ਬਣਨੀ ਹੈ ਤੇ ਉਨ੍ਹਾਂ ਦੀ ਮੀਸਣੀ ਮੁਸਕਣੀ ਦੱਸਦੀ ਹੈ ਕਿ ਉਹ ਕਿਸੇ ਵੀ ਤਰ੍ਹਾਂ ਦਾ ਖੁਲਾਸਾ ਨਹੀਂ ਕਰਨਗੇ, ਪਰ ਇਹ ਗੱਲ ਫਿਰ ਵੀ ਬਾਹਰ ਆ ਗਈ ਹੈ ਕਿ ਕਿਸੇ ਵੀ ਪਾਰਟੀ ਵਿੱਚੋਂ ਜਿਹੜੇ ਲੋਕ ਬਾਗੀ ਹੋ ਕੇ ਖੜੇ ਹਨ, ਉਨ੍ਹਾਂ ਵਿੱਚੋਂ ਬਹੁਤਿਆਂ ਦਾ ਖਰਚਾ ਭਾਜਪਾ ਦੇ ਰਹੀ ਹੈ। ਉਹ ਲੋਕ ਭਾਜਪਾ ਨਾਲ ਅੰਦਰ-ਖਾਤੇ ਦੀ ਇਸ ਸਾਂਝ ਹੇਠ ਚੋਣ ਲੜ ਰਹੇ ਹਨ ਕਿ ਚੋਣਾਂ ਦੌਰਾਨ ਭਾਜਪਾ ਦਾ ਨਾਂਅ ਲਿਆ ਤਾਂ ਮਹਿੰਗਾ ਪੈਣ ਦਾ ਡਰ ਹੈ, ਚੋਣ ਜਿੱਤਦੇ ਸਾਰ ਉਹ ਭਾਜਪਾ ਦੇ ਨਾਲ ਜਾ ਜੁੜਨਗੇ। ਹੋਰ ਤਾਂ ਹੋਰ, ਕਾਂਗਰਸ ਅਤੇ ਅਕਾਲੀ ਦਲ ਦੇ ਕਈ ਉਮੀਦਵਾਰ ਵੀ ਚੋਣਾਂ ਵਿੱਚ ਭਾਜਪਾ ਦੇ ਖਿਲਾਫ ਬੋਲਦੇ ਸੁਣੇ ਜਾ ਰਹੇ ਹਨ, ਪਰ ਉਨ੍ਹਾਂ ਦੀ ਤਾਰ ਅੰਦਰੋਂ ਭਾਜਪਾ ਨਾਲ ਜੁੜੀ ਹੋਣ ਦੇ ਸੰਕੇਤ ਥੋੜ੍ਹੀ ਜਿਹੀ ਕੋਸ਼ਿਸ਼ ਕਰਨ ਨਾਲ ਹੀ ਦਿਖਾਈ ਦੇ ਜਾਂਦੇ ਹਨ। ਉਹ ਧਿਰ ਭਲਕ ਨੂੰ ਕਿਹੜਾ ਦਾਅ ਕਿੱਥੇ ਵਰਤਦੀ ਹੈ, ਇਹ ਤਾਂ ਪਤਾ ਨਹੀਂ, ਪਰ ਇੱਕ ਗੱਲ ਪੱਕੀ ਹੈ ਕਿ ਉਹ ਭੁਆਂਟਣੀ ਦੇਣ ਦੇ ਰੌਂਅ ਵਿੱਚ ਹੈ।

ਅਜੇ ਉਹ ਵਕਤ ਨਹੀਂ ਆਇਆ, ਜਦੋਂ ਇੱਕ ਜਾਂ ਦੂਸਰੀ ਪਾਰਟੀ ਜਾਂ ਉਮੀਦਵਾਰ ਦੇ ਜਿੱਤਣ ਜਾਂ ਹਾਰਨ ਬਾਰੇ ਕੋਈ ਗੱਲ ਕਹੀ ਜਾ ਸਕੇ, ਪਰ ਏਨੀ ਗੱਲ ਅੱਜ ਵੀ ਕਹੀ ਜਾ ਰਹੀ ਹੈ ਕਿ ਪੰਜਾਬ ਦੀਆਂ ਇਨ੍ਹਾਂ ਚੋਣਾਂ ਵਿੱਚ ਹੋਰ ਕੁਝ ਹੋਵੇ ਜਾਂ ਨਾ, ਭਾਜਪਾ ਪੰਜਾਬ ਵਿੱਚ ਪਹਿਲਾਂ ਨਾਲੋਂ ਵੱਧ ਜਕੜ ਜਮਾਈ ਹੋਈ ਵੇਖਣਾ ਚਾਹੁੰਦੀ ਹੈ। ਬਾਕੀ ਪਾਰਟੀਆਂ ਦੇ ਲੀਡਰਾਂ ਵਿੱਚੋਂ ਕਿੰਨਿਆਂ ਨੂੰ ਇਸ ਦਾ ਪਤਾ ਹੈ ਤੇ ਕਿੰਨਿਆਂ ਨੂੰ ਨਹੀਂ, ਕਹਿ ਸਕਣਾ ਔਖਾ ਹੈ। ਹਾਲਾਤ ਜਿਹੜੇ ਪਾਸੇ ਨੂੰ ਜਾ ਰਹੇ ਹਨ, ਇਸ ਚੋਣ ਦੇ ਬਾਅਦ ਪੰਜਾਬ ਦੀ ਰਾਜਨੀਤੀ ਦਾ ਰੰਗ ਹੀ ਨਹੀਂ, ਸਮਾਜੀ ਹਾਲਾਤ ਵੀ ਅਸਲੋਂ ਬਦਲਣ ਵਾਲੇ ਪਾਸੇ ਨੂੰ ਜਾ ਸਕਦੇ ਹਨ। ਉਸ ਵਕਤ ਰੰਗ ਕਿੱਦਾਂ ਦਾ ਹੋਵੇਗਾ, ਪਤਾ ਨਹੀਂ।

## ਵੋਟ, ਸਿਆਸਤ ਤੇ ਬਦਲਾ



ਸਾਡੇ ਗੁਆਂਢ ਇੱਕ ਪ੍ਰੀਵਾਰ ਰਹਿੰਦਾ ਸੀ। ਉਹਨਾਂ ਆਪਸ ਵਿੱਚ ਭਰਾਵਾਂ ਨੇ ਲੜ ਪੈਣਾਂ ਇੱਕ ਦੂਜੇ ਨੂੰ ਮਾਰਦੇ ਮਾਰਦੇ ਕਰਨਾ, ਗਾਲਾਂ ਕੱਢਣੀਆਂ, ਵੇਖਣ ਵਾਲ਼ੇ ਨੂੰ ਇਸ ਤਰ੍ਹਾਂ ਲੱਗਣਾ ਜਿਵੇਂ ਸੱਚੀ ਅੱਜ ਕੋਈ ਬੰਦਾ ਇਹਨਾਂ ਦੇ ਘਰੇ ਮਰੂ,ਲੋਕਾਂ ਨੇ ਹਮਦਰਦੀ ਕਰਕੇ ਛੁਡਾਉਣਾ, ਉਹਨਾਂ ਲੜਦਿਆਂ ਲੜਦਿਆਂ ਨੇ ਇੱਕ ਹੋ ਜਾਣਾ ਭਾਵ ਰਲ ਜਾਣਾ, ਜਿਹੜਾ ਹਟਾਉਣ ਜਾਂਦਾ ਉਸ ਨੂੰ ਢਾਹ ਲੈਂਦੇ ਕੁੱਟਦੇ, ਅੱਗੋਂ ਕਹਿਣਾ ਇਹ ਮਸਲਾ ਸਾਡੇ ਘਰਦਾ ਤੂੰ ਕੀ ਲੈਣ ਆਇਆਂ ਸਾਡੇ ਘਰੇ, ਬਿਲਕੁਲ ਸਾਡੀਆਂ ਰਾਜਸੀ ਪਾਰਟੀਆਂ ਲੀਡਰਾਂ ਦਾ ਅਜਿਹਾ ਹੀ ਹਾਲ ਹੈ। ਸਟੇਜਾਂ ਤੇ ਚੜ੍ਹ ਕੇ ਇੱਕ ਦੂਜੇ ਤੇ ਦੂਸ਼ਣਬਾਜ਼ੀ ਲਾਉਣੀ, ਵਿਰੋਧਤਾ ਕਰਕੇ ਪੋਤੜੇ ਫਰੋਲਣੇ।

ਪੀਹੜੀਆਂ ਪੁਰਾਣੀਆਂ ਗੱਲਾਂ ਉਜਾਗਰ ਕਰਨੀਆਂ, ਜਦੋ ਸਟੇਜ ਤੋਂ ਹੇਠਾਂ ਆਪਸ ਵਿੱਚ ਘਿਉ ਖਿਚੜੀ, ਕਿਉਂ ਕਿ?

ਦੋਵੇਂ ਰਾਜਸੀ ਪਾਰਟੀਆਂ ਤੀਜਾ ਬਦਲ ਨਹੀ ਚਾਹੁੰਦੀਆਂ। ਤੀਜੀ ਧਿਰ ਦੇ ਪੰਜਾਬ ਵਿੱਚ ਪੈਰ ਨੀ ਲੱਗਣ ਦਿੰਦੀਆਂ। ਚੋਹੱਤਰਾ ਸਾਲਾਂ ਤੋਂ ਇਹਨਾਂ ਦੋਵੇਂ ਪਾਰਟੀਆਂ ਦੇ ਵਿੱਚ ਸਤਾ ( ਕੁਰਸੀ ) ਵਾਲਾ ਅਲਾਦੀਨ ਦਾ ਚਿਰਾਗ ਹੱਥ ਲੱਗਿਆਂ ਹੋਇਆ ਹੈ। ਪੰਜਾਬ ਦੀ ਸਿਆਸਤ ਦੇ ਜਿੰਨ ਨੂੰ ਪੂਰੀ ਤਰ੍ਹਾਂ ਆਪਣੇ ਰਾਜਸੀ ਪੰਜਿਆਂ ਵਿੱਚ ਜਕੜਿਆ ਹੋਇਆ ਹੈ। ਜਦੋਂ ਲੋਕ ਇਹਨਾਂ ਦੀਆਂ ਕਰਤੂਤਾਂ ਵੇਖ ਕਿ ਬਦਲ ਦੀ ਗੱਲ ਕਰਦੇ ਹਨ। ਤਾਂ ਇਹ ਦੋਵੇਂ ਪਾਰਟੀਆਂ ਆਪਸ ਵਿੱਚ ਸੰਧੀ ਕਰ ਲੈਂਦੀਆਂ ਹਨ । ਫਰਜ਼ ਕਰੋ ਕੁਝ ਬੁੱਧੀਜੀਵੀ ਸਿਆਣੇ ਲੋਕ ਇਹਨਾਂ ਗੱਲਾਂ ਨੂੰ ਸਮਝਦੇ ਤੇ ਚਾਹੁੰਦੇ ਹਨ। ਕਿ ਕਿਸੇ ਤੀਜ਼ੀ ਧਿਰ ਨੂੰ ਜਿੱਤਾ ਕੇ ਪੰਜਾਬ ਇਹਨਾਂ ਦੀ ਬੁੱਕਲ ਵਿੱਚੋ ਬਾਹਰ ਕੱਢਿਆ ਜਾਵੇ। ਪਰ ਕੁਝ ਹੋਰ ਲੋਕ ਆਪਣੇ ਸਵਾਰਥ ਜਾਂ ਨਸ਼ਾ ਪੈਸਿਆਂ ਦੇ ਲਾਲਚ ਵਿੱਚ ਆ ਕੇ ਆਪਣੀ ਜ਼ਮੀਰ ਦੀ ਅਵਾਜ਼ ਤੋਂ ਬੇ ਖ਼ਬਰ ਇਹ ਸਰਮਾਏਦਾਰਾਂ ਦੇ ਝਾਂਸੇ ਵਿੱਚ ਆ ਕੇ ਆਪਣੇ ਮੌਲਿਕ ਹੱਕ ਨੂੰ ਗਵਾ ਕੇ ਮੁੜ ਘੁੜ ਬੋਤੀ ਬੋਹੜ ਥੱਲੇ ਬੰਨ ਦਿੰਦੇ ਹਨ। ਪੰਜਾਬ ਦੀ ਸਿਆਸਤ ਬਹੁਤ ਹੀ ਗੰਧਲੀ ਹੋ ਚੁੱਕੀ ਹੈ। ਕੋਈ ਸਪਸ਼ਟ ਨਹੀਂ ਹੋ ਰਿਹਾ "ਸਾਡਾ ਇੱਕ ਮਿੱਤਰ ਵੋਟਾਂ ਵਿੱਚ ਖੜ ਗਿਆ ਇਹ ਕਾਫੀ ਸਮੇਂ ਦੀ ਗੱਲ ਹੈ। ਅਸੀਂ ਸਾਰਿਆਂ ਨੇ ਦਿਨ ਰਾਤ ਇੱਕ ਕਰਕੇ ਬਹੁਤ ਮੁਸ਼ੱਕਤ ਕੀਤੀ ਲੋਕਾਂ ਦੇ ਪੈਰੀ ਹੱਥ ਲਾਏ ਜਿਹੜੀ ਬੁੱਢੀ ਸਾਡੀ ਭਾਬੀ ਲੱਗਦੀ ਸੀ। ਉਸ ਨੂੰ ਚਾਚੀ ਕਿਹਾ, ਭਰਾਵਾਂ ਦੇ ਥਾਂ ਲੱਗਦੇ ਨੂੰ ਚਾਚਾ ਐਕਤੀ ਵੋਟਾਂ ਸਾਨੂੰ ਪਾਇਓ, ਉਸ ਦੇ ਉਲਟ ਦੂਜੀ ਪਾਰਟੀ ਧਿਰ ਨੇ ਕੋਈ ਮਿਹਨਤ ਨੀ ਕੀਤੀ ਵੋਟਾਂ ਤੋਂ ਇੱਕ ਰਾਤ ਪਹਿਲਾਂ ਪੈਸੇ ਭੁੱਕੀ ਸ਼ਰਾਬ ਨਸ਼ਾ ਆਦਿ ਵੰਡ ਦਿੱਤੇ। ਸਵੇਰ ਨੂੰ ਸਾਰੀਆਂ ਵੋਟਾਂ ਉਹਨਾਂ ਨੂੰ ਪੈ ਗਈਆ ਅਸੀਂ ਹਾਰ ਗਏ। ਸਾਡੀ ਮਿਹਨਤ ਵੇ ਅਰਥ" ਕੀ ਇਸ ਤਰ੍ਹਾਂ ਬਦਲਾ ਹੋ ਸਕਦਾ ਅਸੀਂ ਲੋਕ ਤੰਤਰ ਛੱਡ ਕੀ ਡਿਕ-ਟੇਟਰਸ਼ਿਪ ਵੱਲ ਤਾਂ ਨਹੀ ਵੱਧ ਰਹੇ। ਜਿੰਨਾਂ ਚਿਰ ਅਸੀ ਇਹਨਾਂ ਗੱਲਾਂ ਨੂੰ ਨਹੀਂ ਸਮਝਦੇ ਉਨਾ ਚਿਰ ਸਤਾ ਵਿੱਚ ਬਦਲਾ ਨਹੀਂ ਆ ਸਕਦਾ। ਆਉ ਆਪਾਂ ਇਸ ਖੇਡ ਨੂੰ ਸਮਝੀਏ ਜੋਸ਼ ਤੋਂ ਘੱਟ ਹੋਸ਼ ਤੋਂ ਵੱਧ ਕੰਮ ਲਈਏ।

ਚੰਗੇ ਨੁਮਾਇੰਦੇ ਚੁੱਣ ਕੇ ਪੰਜਾਬ ਦੇ ਲੋਕਾਂ ਦੇ ਭਲੇ ਦੀ ਗੱਲ ਸੋਚੀਏ ਕਿਤੇ ਪੰਜਾ ਸਾਲਾਂ ਬਾਅਦ ਮਿ-ਲਆ ਮੌਕਾ ਫੇਰ ਹੱਥਾਂ ਵਿੱਚੋ ਨਿਕਲ ਨਾ ਜਾਵੇ। ਤੇ ਸਾਡੇ ਹੱਥ ਪਛਤਾਉਣ ਤੋਂ ਸਵਾਏ ਕੁਝ ਵੀ ਨਾ ਰਹੇ।

*-ਹਰਪ੍ਰੀਤ ਪੱਤੋ*
*ਪੱਤੋ ਹੀਰਾ ਸਿੰਘ, ਮੋਗਾ*
*ਫੋਨ ਨੰਬਰ*
*94658-21417*

## ਵਿੱਦਿਅਕ ਸੰਸਥਾਵਾਂ ਬੰਦ

ਕੋਵਿਡ-19 ਦੇ ਕਾਰਨ ਲੰਬਾ ਸਮਾਂ ਤੋਂ ਵਿਦਿਆਰਥੀਆਂ ਲਈ ਵਿੱਦਿਅਕ ਸੰਸਥਾਵਾਂ ਬੰਦ ਰਹਿਣ ਕਾਰਨ ਪੇਂਡੂ ਖੇਤਰਾਂ ਅਤੇ ਗਰੀਬ ਪਰਿਵਾਰਾਂ ਦੇ ਬੱਚਿਆਂ ਦੀ ਪੜ੍ਹਾਈ ਉੱਪਰ ਬਹੁਤ ਮਾੜਾ ਅਸਰ ਪਿਆ ਹੈ। ਇਸ ਸਮੇਂ ਦੌਰਾਨ ਕੇਵਲ ਭਾਰਤ ਵਿੱਚ ਹੀ ਲਗਭਗ 70 ਲੱਖ ਬੱਚੇ ਸਕੂਲੀ ਸਿੱਖਿਆ ਤੋਂ ਬਾਹਰ ਹੋ ਗਏ ਹਨ, ਜਿਨਾਂ 'ਚੋਂ ਜ਼ਿਆਦਾ ਗਿਣਤੀ ਲੜਕੀਆਂ ਦੀ ਹੈ। ਕਿਸ਼ੋਰ ਉਮਰ ਦੀਆਂ ਲੜਕੀਆਂ ਦੇ ਵਿਆਹਾਂ ਵਿੱਚ ਵੀ ਜ਼ਿਕਰਯੋਗ ਵਾਧਾ ਦਰਜ ਹੋਇਆ ਹੈ। ਦੇਸ਼ ਵਿਚ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਨੂੰ ਪਿਛਲੇ 22 ਮਹੀਨਿਆਂ ਦੌਰਾਨ ਲਗਭਗ 15 ਮਹੀਨੇ ਵਿਦਿਆਰਥੀਆਂ ਲਈ ਬੰਦ ਰੱਖਣ ਕਾਰਨ ਸਿੱਖਿਆਂ ਦਾ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

ਕਰੋਨਾ ਕਾਲ ਵਿੱਚ ਸਰਕਾਰ ਵੱਲੋਂ ਵਿੱਦਿਅਕ ਸੰਸਥਾਵਾਂ ਬੰਦ ਕਰਨ ਸਬੰਧੀ ਦੂਹਰੇ ਮਾਪਦੰਡ ਅਪਣਾਉਂਦੇ ਹੋਏ ਸਖ਼ਤ ਫ਼ੈਸਲੇ ਲਏ ਗਏ ਹਨ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਨੂੰ ਬੰਦ ਕਰਨ ਦੇ ਫ਼ੁਰਮਾਨ ਜਾਰੀ ਕਰਨ ਮੌਕੇ ਵਿਦਿਆਰਥੀਆਂ ਦੀ ਸਿਹਤ ਪ੍ਰਤੀ ਚਿੰਤਾ ਜਤਾਉਂਦਿਆਂ, ਸਰਕਾਰ ਵੱਲੋਂ ਹਰ ਵਾਰ ਕਰੋਨਾ ਸੰਕਰਮਣ ਵਧਣ ਦੇ ਦਿੱਤੇ ਹਵਾਲੇ ਅਤੇ ਆਨਲਾਈਨ ਮਾਧਿਅਮ ਰਾਹੀਂ ਪੜ੍ਹਾਈ ਨੂੰ ਨਿਰਵਿਘਨ ਜਾਰੀ ਰੱਖਣ ਦੇ ਦਿੱਤੇ ਸੁਝਾਵਾਂ ਨੂੰ ਹਕੀਕਤ ਦੀ ਕਸੌਟੀ 'ਤੇ ਪਰਖਣਾ ਜ਼ਰੂਰੀ ਹੈ। ਸਕੂਲਾਂ ਅਤੇ ਕਾਲਜਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਉਮਰ ਵਰਗ 'ਤੇ ਕਰੋਨਾ ਵਾਇਰਸ ਦੇ ਅਸਰ ਦੀ ਰਿਪੋਰਟ ਦੇ ਹਵਾਲੇ ਨਾਲ ਜਨਤਕ ਕੀਤੇ ਅੰਕੜਿਆਂ ਤੋਂ ਸਹਿਜੇ ਹੀ ਸਮਝਿਆ ਜਾ ਸਕਦਾ ਹੈ। ਇਸ ਅਨੁਸਾਰ ਕੋਵਿਡ-19 ਕਾਰਨ ਸੰਸਾਰ ਭਰ ਵਿੱਚ ਹੋਈਆਂ ਕੁੱਲ ਮੌਤਾਂ 'ਚੋਂ ਸਿਰਫ਼ 0.4 ਫੀਸਦੀ ਮੌਤਾਂ ਹੀ 0 ਤੋਂ 20 ਸਾਲ ਦੇ ਉਮਰ ਵਰਗ ਨਾਲ ਸਬੰਧਤ ਹਨ। ਜਦੋਂਕਿ ਇਸ ਤੋਂ ਕਿਤੇ ਵੱਧ ਬੱਚੇ ਭੁੱਖਮਰੀ ਨਾਲ ਮਰ ਰਹੇ ਹਨ।

ਵਿਕਾਸਸ਼ੀਲ ਮੁਲਕਾਂ ਵਿਚਲੇ ਪ੍ਰਾਇਮਰੀ ਦੇ 6.6 ਕਰੋੜ ਬੱਚੇ ਭੁੱਖੇ ਢਿੱਡ ਸਕੂਲ ਜਾਂਦੇ ਹਨ। ਕੋਵਿਡ-19 ਸਦਮੇ ਕਾਰਨ ਭਾਰਤ ਵਿੱਚ ਰੋਜ਼ਾਨਾ ਔਸਤਨ 31 ਬੱਚਿਆਂ ਦੀ ਮੌਤ ਖੁਦਕੁਸ਼ੀ ਕਾਰਨ ਦਰਜ ਕੀਤੀ ਗਈ ਹੈ, ਜੋ 2018 ਦੇ ਅੰਕੜੇ ਤੋਂ 21 ਫੀਸਦੀ ਜ਼ਿਆਦਾ ਹੈ। ਜਿਸ ਪਿੱਛੇ ਸਕੂਲ-ਕਾਲਜ ਬੰਦ ਹੋਣ ਕਾਰਨ ਬੱਚਿਆਂ ਨੂੰ ਦਰਪੇਸ਼ ਸਮਾਜਿਕ ਇਕੱਲਾਪਣ ਅਤੇ ਭਾਵਨਾਤਮਕ ਦਬਾਅ ਹੈ, ਪਰ ਇਸ ਸਭ ਦੇ ਬਾਵਜੂਦ ਸਰਕਾਰ ਵੱਲੋਂ ਵਿੱਦਿਅਕ ਸੰਸਥਾਵਾਂ ਲੰਬਾ ਸਮਾਂ ਬੰਦ ਰੱਖਣ ਅਤੇ ਤਥਾ ਕਥਿਤ ਆਨਲਾਈਨ ਸਿੱਖਿਆ ਪ੍ਰਬੰਧ ਦੀਆਂ ਜੜ੍ਹਾਂ ਫੈਲਾਉਣ ਦੇ ਪੂਰੇ ਯਤਨ ਜਾਰੀ ਹਨ।

ਆਨਲਾਈਨ ਸਿੱਖਿਆ ਅਤੇ ਇੰਟਰਨੈੱਟ ਪ੍ਰਦਾਨ ਕਰਨ ਵਾਲੀਆਂ ਕੰਪਨੀਆਂ ਵੱਲੋਂ ਆਰਥਿਕ ਮੰਦੀ ਦੇ ਦੌਰ ਵਿੱਚ ਵੀ ਵੱਡੇ ਮੁਨਾਫੇ ਕਮਾਉਣ ਦੀ ਸਿਆਸਤ ਹੈ। ਇੱਕ ਅੰਦਾਜ਼ੇ ਅਨੁਸਾਰ ਕਰੋਨਾ ਕਾਲ ਦੌਰਾਨ ਆਨਲਾਈਨ ਸਿੱਖਿਆ ਮੁਹੱਈਆ ਕਰਵਾਉਣ ਵਾਲੀਆਂ ਵੱਡੀਆਂ ਕੰਪਨੀਆਂ ਦੀ ਆਮਦਨ ਵਿੱਚ ਅਰਬਾਂ ਡਾਲਰਾਂ ਦੇ ਰੂਪ ਵਿੱਚ ਚੋਖਾ ਵਾਧਾ ਹੋਇਆ ਹੈ। ਆਨਲਾਈਨ ਸਿੱਖਿਆ ਨੂੰ ਵਿੱਦਿਅਕ ਸੰਸਥਾਵਾਂ 'ਚ ਕੁਦਰਤੀ ਮਾਹੌਲ ਵਾਲੀ ਜਮਾਤ ਸਿੱਖਿਆ ਦੇ ਬਦਲ ਵਜੋਂ ਪੇਸ਼ ਕਰਨ ਦੀ ਹੋੜ ਵਿੱਚ, ਇਸ ਤੱਥ ਨੂੰ ਵੀ ਨਜ਼ਰਅੰਦਾਜ਼ ਕਰ ਦਿੱਤਾ ਗਿਆ ਕਿ ਭਾਰਤ ਵਿੱਚ ਜ਼ਿਆਦਾਤਰ ਪਰਿਵਾਰਾਂ ਦੀ ਇੰਟਰਨੈੱਟ ਤੱਕ ਪਹੁੰਚ ਹੀ ਨਹੀਂ ਹੈ। ਮਹਿਜ਼ 15 ਫੀਸਦੀ ਪੇਂਡੂ ਅਤੇ 42 ਫੀਸਦੀ ਸ਼ਹਿਰੀ ਘਰਾਂ ਵਿੱਚ ਹੀ ਇੰਟਰਨੈੱਟ ਦੀ ਸੁਵਿਧਾ ਉਪਲੱਬਧ ਹੈ।

ਇਕ ਅਧਿਐਨ ਅਨੁਸਾਰ ਉੜੀਸਾ, ਬਿਹਾਰ, ਝਾਰਖੰਡ, ਛੱਤੀਸਗੜ੍ਹ ਅਤੇ ਉੱਤਰ ਪ੍ਰਦੇਸ਼ ਦੇ 80 ਫੀਸਦੀ ਤੋਂ ਜ਼ਿਆਦਾ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਲਾਕਡਾਊਨ ਦੌਰਾਨ ਕਿਸੇ ਤਰ੍ਹਾਂ ਦੀ ਕੋਈ ਵਿੱਦਿਅਕ ਸਮੱਗਰੀ ਪ੍ਰਾਪਤ ਨਹੀਂ ਹੋਈ। ਸਰਕਾਰੀ ਅਤੇ ਨਿੱਜੀ ਸਕੂਲਾਂ ਦੇ ਜਿਨ੍ਹਾਂ ਵਿਦਿਆਰਥੀਆਂ ਤੱਕ ਇਹ ਸਮੱਗਰੀ ਪਹੁੰਚੀ, ਉਨ੍ਹਾਂ 'ਚੋਂ 75 ਫੀਸਦੀ ਨੂੰ ਵਟਸਐਪ ਰਾਹੀਂ ਪ੍ਰਾਪਤ ਹੋਈ ਅਤੇ ਇਸ ਵਿੱਚੋਂ ਵੀ 75 ਫੀਸਦੀ ਪਰਿਵਾਰਾਂ ਨੂੰ ਇੰਟਰਨੈੱਟ ਉਪਲੱਬਧਤਾ ਵਿੱਚ ਸਮੱਸਿਆ ਦਾ ਸਾਹਮਣਾ ਕਰਨਾ ਪਿਆ। ਇੱਕ ਸਰਵੇਖਣ ਅਨੁਸਾਰ 46% ਪਰਵਾਸੀ ਮਜ਼ਦੂਰਾਂ ਦੇ ਬੱਚਿਆਂ ਨੂੰ ਕੋਵਿਡ-19 ਕਾਰਨ ਪੈਦਾ ਹੋਏ ਹਾਲਾਤ ਕਾਰਨ ਆਪਣੀ ਸਿੱਖਿਆ ਨੂੰ ਅੱਧ ਵਾਟੇ ਛੱਡਣ ਲਈ ਮਜਬੂਰ ਹੋਣਾ ਪਿਆ।

ਨਵੀਂ ਸਿੱਖਿਆ ਨੀਤੀ ਤਹਿਤ ਨਿੱਜੀਕਰਨ ਪੱਖੀ ਆਨਲਾਈਨ ਸਿੱਖਿਆ ਨੂੰ ਥੋਪਣ ਦੇ ਯਤਨ ਨਿਰੰਤਰ ਜਾਰੀ ਹਨ। ਭਾਰਤ ਸਰਕਾਰ ਵੱਲੋਂ ਕਰੋਨਾ ਕਾਲ ਦੌਰਾਨ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਦੀ ਬੰਦੀ ਨੂੰ ਸਿੱਖਿਆ ਦੇ ਕਾਰ-ਪੋਰੇਟ-ਨਿੱਜੀਕਰਨ ਪੱਖੀ ਮਾਡਲ ਨੂੰ ਉਤਸ਼ਾਹਤ ਕਰਨ ਦੇ ਸੰਦ ਵਜੋਂ ਵਰਤਿਆ ਜਾ ਰਿਹਾ ਹੈ।

ਕਿਸੇ ਵੀ ਬਿਮਾਰੀ ਦੇ ਟਾਕਰੇ ਲਈ ਜਨਤਕ ਸਿਹਤ ਸਹੂਲਤਾਂ ਨੂੰ ਮਜ਼ਬੂਤ ਕਰਨ ਅਤੇ ਸਿਹਤ ਦੇ ਖੇਤਰ ਵਿੱਚ ਪੂਰੀ ਜ਼ਿੰਮੇਵਾਰੀ ਸਰਕਾਰੀ ਪੱਧਰ 'ਤੇ ਹੁੰਦੀ ਹੈ। ਪਰ ਅਜਿਹਾ ਕਰਨ ਦੀ ਬਜਾਏ, ਵਾਇਰਸ ਪ੍ਰਤੀ ਸਭ ਤੋਂ ਜ਼ਿਆਦਾ ਪ੍ਰਤੀਰੋਧਕ ਸਾਬਤ ਹੋਏ ਵਿਦਿਆਰਥੀ ਵਰਗ ਨੂੰ ਬੌਧਿਕ ਕੰਗਾਲੀ ਅਤੇ ਸਿੱਖਿਆ ਵਿਹੂਣਾ ਬਣਾਉਣ ਵੱਲ ਧੱਕਣ ਦੇ ਲਗਾਤਾਰ ਯਤਨ ਕੀਤੇ ਗਏ ਹਨ। ਸਰਕਾਰ ਨੂੰ ਡਿਜੀਟਲਾਈਜੇਸ਼ਨ ਦੇ ਨਾਂ ਹੇਠ ਲੱਖਾਂ ਸਾਧਨਹੀਣ ਲੋਕਾਂ ਦੇ ਬੱਚਿਆਂ ਤੋਂ ਅਸਲੀ ਸਿੱਖਿਆ ਗ੍ਰਹਿਣ ਕਰਨ ਦਾ ਅਧਿਕਾਰ ਖੋਹਣ ਦੀ ਥਾਂ ਵਿਦਿਆਰਥੀਆਂ ਲਈ ਫੌਰੀ ਸਕੂਲ, ਕਾਲਜ ਤੇ ਯੂਨੀਵਰਸਿਟੀਆਂ ਖੋਲ੍ਹਣੇ ਚਾਹੀਦੇ ਹਨ। ਭਵਿੱਖ ਵਿੱਚ ਵਿੱਦਿਅਕ ਸੰਸਥਾਵਾਂ ਬੰਦ ਕਰਨ ਵਾਲੇ ਫ਼ੈਸਲੇ ਲੈਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਮਲੋਟ।*

## ਪਤਾ ਨਹੀਂ ਕਿਉਂ ?

*ਇਸ ਵਾਰ ਤੇਰੇ ਤੇਵਰ ਤੇ ਵਤੀਰੇ ਵਿੱਚ*
*ਮੈਨੂੰ ਕਾਫ਼ੀ ਫ਼ਰਕ ਜਿਹਾ ਜਾਪਿਆ !*

*ਪਤਾ ਅਗੋਂ ਨਿਭਣੀ ਹੈ ਕਿ ਨਹੀਂ*
*ਮਨ ਵਿੱਚ ਮੇਰੇ ਤਰਕ ਜਿਹਾ ਜਾਪਿਆ !*

*ਪਹੁੰਚ ਗਿਆ ਸੀ ਰਿਸ਼ਤਾ ਜੋ ਉੱਚਾਈ ਤੱਕ*
*ਹੇਠਾਂ ਗਿਆ ਹੈ ਸਰਕ ਜਿਹਾ ਜਾਪਿਆ !*

*ਬੀਤ ਰਿਹਾ ਸੀ ਸਫ਼ਰ ਜੋ ਖ਼ਮੋਸ਼ੀ ਨਾਲ*
*ਗਿਆ ਹੈ ਥੋੜਾ ਚਰਕ ਗਿਆ ਜਾਪਿਆ !*

*ਬਹੁਤ ਮਜਬੂਤ ਸੀ ਨਾ ਜੋ ਇਰਾਦਾ ਤੇਰਾ*
*ਪਤਾ ਨਹੀਂ ਕਿਉਂ ਗਿਆ ਜਰਕ ਜਿਹਾ ਜਾਪਿਆ !*

*ਸਮੇਂ ਨਾਲ ਜੋ ਬਣ ਜਾਣੀ ਸੀ ਇਕ ਕਿਤਾਬ*
*ਹੱਥ ਵਿੱਚ ਰਹਿ ਗਿਆ ਇੱਕ ਵਰਕ ਜਿਹਾ ਜਾਪਿਆ !*

*ਚਿਰਾਂ ਬਾਦ ਆਇਆ ਸਾਂ ਘਰ ਤੇਰੇ*
*ਕੀ ਦਸਾਂ ਜੇ ਸੱਚ ਪੁੱਛੋਂ ਤਾਂ ਨਰਕ ਜਿਹਾ ਜਾਪਿਆ !*

*ਲੱਗਣ ਵਾਲੇ ਹੀ ਜਦੋਂ ਸੀ ਕਿਨਾਰੇ ਤੇ*
*ਪਰ ਹੁਣ ਤਾਂ ਹੁੰਦਾ ਬੇੜਾ ਗ਼ਰਕ ਜਿਹਾ ਜਾਪਿਆ !*

*-ਅਮਰਜੀਤ ਕੌਰ,*
*ਸਟੇਟ ਐਵਾਰਡੀ ਸੇਵਾ ਮੁਕਤ*
*ਮੁੱਖ ਅਧਿਆਪਿਕਾ।*

## ਲੋਕਤੰਤਰ ਵਿੱਚ ਵੋਟ ਦੀ ਅਹਿਮੀਅਤ ਜਾਨਣਾ ਬਹੁਤ ਜ਼ਰੂਰੀ ਹੈ

ਲੋਕਤੰਤਰ ਵਿੱਚ ਹਰੇਕ ਨਾਗਰਿਕ ਨੂੰ ਆਪਣੀ ਵੋਟ ਪਾਉਣ ਦਾ ਹੱਕ ਹੁੰਦਾ ਹੈ। ਵੋਟਾਂ ਸਮੇਂ ਆਪਣੇ ਵੋਟ ਦੀ ਸਹੀ ਵਰਤੋਂ ਕਰਨ ਨਾਲ ਲੋੜੀਂਦੇ ਨਤੀਜੇ 'ਤੇ ਪਹੁੰਚਿਆ ਜਾ ਸਕਦਾ ਹੈ।ਲੋਕਤੰਤਰ ਲੋਕਾਂ ਲਈ, ਲੋਕਾਂ ਦੁਆਰਾ ਅਤੇ ਲੋਕਾਂ ਦਾ ਸ਼ਾਸਨ ਹੁੰਦਾ ਹੈ।" ਲੋਕਤੰਤਰ ਵਿੱਚ ਲੋਕਾਂ ਦੀ ਗੱਲ ਮੰਨ ਕੇ ਸਰਕਾਰਾਂ ਨੂੰ ਆਪਣੇ ਹੀ ਲੋਕਾਂ ਦੇ ਹਿੱਤਾਂ ਅੱਗੇ ਝੁਕਣਾ ਪੈਂਦਾ ਹੈ । ਲੋਕਤੰਤਰ ਵਿੱਚ ਵੋਟ ਸਭ ਵੱਡਾ ਹਥਿਆਰ ਹੈ। ਵੋਟ ਦੀ ਚੋਟ ਤੇ ਲੋਕ ਆਪਣੀ ਮਨਮਰਜ਼ੀ ਦੀ ਸਰਕਾਰ ਬਣਾ ਸਕਦੇ ਹਨ। ਲੋਕ ਤੰਤਰ ਦੀ ਆਵਾਜ਼ ਅਜਿਹੀ ਬਣਨੀ ਚਾਹੀਦੀ ਹੈ ਕਿ ਲੋਕਾਂ ਦੀ ਮਰਜ਼ੀ ਅਨੁਸਾਰ ਉਹਨਾਂ ਲੋਕਾਂ ਦੇ ਹੱਥ ਵਿੱਚ ਰਾਜ ਦੀ ਵਾਂਗ ਡੋਰ ਫੜ੍ਹਾਈ ਜਾਵੇ। ਜਿਹੜੇ ਲੋਕ ਦੌਲਤ ਅਤੇ ਸ਼ੋਹਰਤ ਤੋਂ ਹੱਟਕੇ ਲੋਕਾਂ ਦੀ ਭਲਾਈ ਤੇ ਉਨ੍ਹਾਂ ਦੀ ਸੁਰੱਖਿਆ ਨੂੰ ਤਰਜੀਹ ਦਿੰਦੇ ਹੋਣ। ਜਿਆਦਾਤਰ ਵੇਖਣ ਨੂੰ ਮਿਲਦਾ ਹੈ ਕਿ ਜਿਹੜੇ ਨੁਮਾਇੰਦੇ ਹਲਕੇ ਵਿੱਚੋ ਜਿੱਤ ਕੇ ਕੁਰਸੀ ਉਤੇ ਬੈਠ ਜਾਂਦੇ ਹਨ। ਉਹ ਹਲਕੇ ਦੇ ਲੋਕਾਂ ਨੂੰ ਬਹੁਤ ਜਲਦੀ ਭੁੱਲ ਜਾਂਦੇ ਹਨ। ਕੁਰਸੀ ਤੋਂ ਬਾਅਦ ਭੁੱਲ ਭੁੱਲਈਆ ਸ਼ੁਰੂ ਹੋ ਜਾਂਦਾ ਹੈ। ਲੋਕਾਂ ਦੇ ਮਸਲਿਆਂ ਤੇ ਮੁੱਦਿਆਂ ਤੇ ਕੋਈ ਗੌਰ ਨਹੀਂ ਕਰਦਾ।ਉਹ ਖੁਦ ਹੀ ਕਹਿਣ ਲਗ ਜਾਂਦੇ ਹਨ ਕਿ ਜਿਆਦਾਤਰ ਲੋਕ ਪੰਜਾਂ ਸਾਲਾਂ ਬਾਹਦ ਬਦਲਾਵ ਹੀ ਚਾਹੁੰਦੇ ਹਨ। ਅਸੀਂ ਕੰਮ ਕਰੀਏ ਤੇ ਭਾਵੇ ਨਾ ,ਲੋਕਾਂ ਨੇ ਅਗਲੀ ਵਾਰ ਸਾਨੂੰ ਮੌਕਾ ਨਹੀਂ ਦੇਣਾ। ਜਦੋ ਨੁਮਾਇੰਦੇ ਹੀ ਇਹੋ ਜਿਹੀ ਸੋਚ ਸੋਚਣਗੇ ਤਾਂ ਫਿਰ ਲੋਕਾਂ ਦਾ ਭਲਾ ਕਿਵੇਂ ਹੋ ਸਕਦਾ ਹੈ .ਇਹੋ ਜਿਹੀ ਸੋਚ ਰੱਖਣ ਵਾਲੇ ਨੂੰ ਕਦੇ ਵੀ ਮੂੰਹ ਨਹੀਂ ਲਾਉਣਾ ਚਾਹੀਦਾ .ਵੋਟਰਾਂ ਨੂੰ ਚਾਹੀਦਾ ਹੈ ਆਪਣੇ ਨਿੱਜੀ ਸਵਾਰਥਾਂ ਨੂੰ ਛੱਡ ਕੇ ਇਸ ਤੋਂ ਉਪਰ ਲੋਕਤੰਤਰ ਦੀ ਪਰਿਭਾਸ਼ਾ ਅਨੁਸਾਰ ਵੋਟ ਦੀ ਵਰਤੋਂ ਕਰਨ ਤਾਂ ਹੀ ਇੱਕ ਚੰਗਾ ਸ਼ਾਸਨ ਮਿਲ ਸਕਦਾ ਹੈ। ਅੱਜ ਲੋਕ ਭ੍ਰਿਸ਼ਟ ਸਿਸਟਮ ਤੋਂ ਪਰੇਸ਼ਾਨ ਹੋ ਚੁੱਕੇ ਹਨ ਤੇ ਇੱਕ ਚੰਗੇ ਪ੍ਰਸ਼ਾਸਨ ਦੀ ਭਾਲ ਵਿੱਚ ਹਨ। ਵੋਟ ਨੋਟ ਲੈ ਕੇ ਨਹੀਂ ਸਗੋਂ ਇੱਕ ਚੰਗੇ ਨੇਤਾ ਦੀ ਚੋਣ ਕਰਨ ਵਾਸਤੇ ਪਾਉਣੀ ਸਾਡਾ ਸਾ-ਰਆ ਦਾ ਫ਼ਰਜ਼ ਬਣਦਾ ਹੈ। ਤਾਂ ਕਿ ਚੰਗੇ ਨੇਤਾ ਇੱਕ ਚੰਗੀ ਸਰਕਾਰ ਬਣਾ ਕੇ ਲੋਕਾਂ ਦੀ ਭਲਾਈ ਲਈ ਕੰਮ ਕਰਨ।

*-ਸੂਬੇਦਾਰ*
*ਜਸਵਿੰਦਰ ਸਿੰਘ ਭੁਲੇਰੀਆ*
*ਮਮਦੋਟ (ਫਿਰੋਜ਼ਪੁਰ )*
*7589155501*

# ਖ਼ਬਰਾਂ ਪੰਜਾਬ ਦੀਆਂ

## ਕਾਂਗਰਸ ਨੇਤਾ ਸੰਜੇ ਨਿਰੂਪਮ ਵੱਲੋਂ ਦੋਸ਼, ਮੋਦੀ ਨੇ ਕੋਰੋਨਾ ਦੀ ਮਾਰ ਦੇ ਸਮੇਂ ਵਿੱਚ ਹਾਲਾਤ ਬਾਰੇ ਝੂਠ ਬੋਲਿਆ

* ਪਰਵਾਸੀਆਂ ਦੀ ਹਿਜ਼ਰਤ ਵੇਲੇ ਸਰਕਾਰ ਪੂਰੀ ਤਰ੍ਹਾਂ ਫੇਲ੍ਹ ਰਹੀ



ਚੰਡੀਗੜ੍ਹ, 10 ਫਰਵਰੀ (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਸੰਜੇ ਨਿਰੂਪਮ ਨੇ ਕੋਰੋਨਾ ਦੇ ਦੌਰ ਦੌਰਾਨ ਦੇਸ਼ ਵਿੱਚ ਪੈਦਾ ਹੋਏ ਹਾਲਾਤ ਬਾਰੇ ਝੂਠ ਬੋਲਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪਾਰਲੀਮੈਂਟ ਵਿੱਚ ਆਲੋਚਨਾ ਕੀਤੀ ਅਤੇ ਫਿਰ ਇਹ ਗੱਲ ਪੱਤਰਕਾਰਾਂ ਨਾਲ ਗੱਲਬਾਤ ਵਿੱਚ ਦੁਹਰਾਈ ਹੈ।

ਕੱਲ੍ਹ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਵੱਡੀ ਗਿਣਤੀ ਵਿੱਚ ਪਰਵਾਸੀ ਮਜ਼ਦੂਰਾਂ ਨੂੰ ਹਿਜਰਤ ਕਰਨੀ ਪਈ ਅਤੇ ਕੇਂਦਰ ਸਰਕਾਰ ਪੂਰੀ ਤਰ੍ਹਾਂ ਫੇਲ੍ਹ ਸਾਬਤ ਹੋਈ। ਉਨ੍ਹਾਂ ਇਸ ਗੱਲ ਉੱਤੇ ਰੋਸ ਜ਼ਾਹਰ ਕੀਤਾ ਕਿ ਪ੍ਰਧਾਨ ਮੰਤਰੀ ਨੇ ਇਸ ਸੱਤ ਫਰਵਰੀ ਨੂੰ ਪਾਰਲੀਮੈਂਟਵਿੱਚ ਆਪਣੇ ਭਾਸ਼ਣ ਦੌਰਾਨ ਕਰੋੜਾਂ ਮਜ਼ਦੂਰਾਂ ਦੇ ਜ਼ਖ਼ਮਾਂ ਉੱਤੇ ਇੱਕ ਵਾਰ ਫਿਰ ਲੂਣ ਛਿੜਕਿਆ, ਜਿਹੜੇ ਕੋਰੋਨਾ ਦੇ ਦੌਰ ਵੇਲੇ ਖ਼ਰਾਬ ਸਰਕਾਰੀ ਪ੍ਰਬੰਧਾਂ ਕਾਰਨ ਮਾੜੇ ਹਾਲਾਤ ਦਾ ਸਾਹਮਣਾ ਕਰਦੇ ਰਹੇ ਸਨ, ਜਿਨ੍ਹਾਂ ਦੀ ਓਦੋਂ ਨੌਕਰੀ ਚਲੀ ਗਈ ਸੀ, ਉਨ੍ਹਾਂ ਕੋਲ ਰਹਿਣ ਲਈ ਘਰ ਨਹੀਂ ਸੀ, ਖਾਣ ਲਈ ਪੈਸੇ ਨਹੀਂ ਸਨ ਤੇ ਘਰ ਮੁੜਨ ਤੋਂ ਬਿਨਾਂ ਚਾਰਾ ਨਹੀਂ ਸੀ ਅਤੇ ਜਿਸ ਨੂੰ ਜੋ ਤਰੀਕਾ ਮਿਲਿਆ, ਉਹ ਘਰ ਲਈ ਰਵਾਨਾ ਹੋ ਗਿਆ। ਪਰਵਾਸੀ ਮਜ਼ਦੂਰਾਂ ਦੇ ਹਿਜ਼ਰਤ ਦਾ ਦ੍ਰਿਸ਼ 1947 ਵਿੱਚ ਦੇਸ਼ ਦੀ ਵੰਡ ਵਾਂਗ ਭਿਆਨਕ ਸੀ।

ਸੰਜੇ ਨਿਰੂਪਮ ਨੇ ਕਿਹਾ ਕਿ ਜਦੋਂ ਕੇਂਦਰ ਸਰਕਾਰ ਅਤੇ ਭਾਜਪਾ ਦੀਆਂ ਸੂਬਾ ਸਰਕਾਰਾਂ ਨੇ ਉਨ੍ਹਾਂ ਮਜ਼ਦੂਰਾਂ ਨੂੰ ਆਪਣੇ ਹਾਲਾਤ ਉੱਤੇ ਛੱਡ ਦਿੱਤਾ ਸੀ, ਉਸ ਵੇਲੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੇ ਨਿਰਦੇਸ਼ਾਂ ਉੱਤੇ ਸੂਬਾ ਕਾਂਗਰਸ ਕਮੇਟੀਆਂ ਨੇ ਇਨ੍ਹਾਂ ਮਜ਼ਦੂਰਾਂ ਦੀ ਵਾਪਸੀ ਲਈ ਰੇਲ ਟਿਕਟਾਂ ਦਾ ਪ੍ਰਬੰਧ ਕੀਤਾ ਅਤੇ ਪ੍ਰਧਾਨ ਮੰਤਰੀ ਮੋਦੀ ਸਾਡੇ ਉੱਤੇ ਦੋਸ਼ ਲਾ ਰਹੇ ਹਨ ਕਿ ਕਾਂਗਰਸ ਨੇ ਪਰਵਾਸੀ ਮਜ਼ਦੂਰਾਂ ਨੂੰ ਘਰ ਜਾਣ ਨੂੰ ਉਕਸਾਇਆ ਸੀ। ਇਸ ਦੇ ਉਲਟ ਉਨ੍ਹਾਂ ਨੂੰ ਉਸ ਸਥਿਤੀ ਲਈ ਦੇਸ਼ ਤੋਂ ਮੁਆਫੀ ਮੰਗਣੀ ਚਾਹੀਦੀ ਸੀ।ਉਨ੍ਹਾਂ ਨੇ ਮਜ਼ਦੂਰਾਂ ਦੀ ਹਿਜਰਤ ਸਮੇਂ ਸੂਬਾ ਸਰਕਾਰਾਂ ਦੀ ਜ਼ਿੰਮੇਵਾਰੀ ਬਾਰੇ ਕਿਹਾ ਕਿ ਕੇਂਦਰ ਨੇ ਰਾਜਾਂ ਕੋਲ ਕੁਝ ਕਰਨ ਦਾ ਸਾਧਨ ਨਹੀਂ ਛੱਡਿਆ ਸੀ।

## ਸਾਬਕਾ ਵਿਧਾਇਕ ਅਵਿਨਾਸ਼ ਚੰਦਰ ਵੀ ਭਾਜਪਾ ਵਿੱਚ ਸ਼ਾਮਲ



ਜਲੰਧਰ, 10 ਫਰਵਰੀ (ਪੋਸਟ ਬਿਊਰੋ)- ਪੰਜਾਬ ਦੇ ਦੋ ਵਾਰੀਅਕਾਲੀ ਵਿਧਾਇਕ ਤੇ ਚੀਫ ਪਾਰਲੀਮੈਂਟਰੀ ਸੈਕਟਰੀ ਰਹਿ ਚੁੱਕੇ ਅਵਿਨਾਸ਼ ਚੰਦਰ ਕੱਲ੍ਹ ਭਾਜਪਾ ਵਿੱਚ ਸ਼ਾਮਲ ਹੋ ਗਏ।

ਵਰਨਣ ਯੋਗ ਹੈ ਕਿ ਅਵਿਨਾਸ਼ ਚੰਦਰ ਦੇ ਭਾਜਪਾ ਵਿੱਚ ਸ਼ਾਮਲ ਹੋਣ ਦੀਆਂ ਅਟਕਲਾਂ ਉਦੋਂ ਤੋਂ ਲੱਗ ਰਹੀਆਂ ਸਨ, ਜਦੋਂ ਉਨ੍ਹਾਂ ਦੀ ਇੱਕ ਤਸਵੀਰ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਨਾਲ ਵਾਇਰਲ ਹੋਈ ਸੀ। ਅਵਿਨਾਸ਼ ਚੰਦਰ ਨੂੰ ਪੰਜਾਬ ਦੀ ਭਾਜਪਾ ਦੇ ਚੋਣ ਇੰਚਾਰਜ ਅਤੇ ਕੇਂਦਰੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਸ਼ਾਮਲ ਕਰਵਾਇਆ ਹੈ। ਸਾਲ 2007 ਵਿੱਚ ਕਰਤਾਰਪੁਰ ਅਤੇ 2012 ਵਿੱਚ ਫਿਲੌਰ ਤੋਂ ਅਕਾਲੀ ਦਲ ਦੀ ਟਿਕਟ ਉੱਤੇਅਵਿਨਾਸ਼ ਚੰਦਰ ਵਿਧਾਇਕ ਬਣੇ ਸਨ, ਪਰ ਸਾਲ 2017 ਵਿੱਚ ਅਕਾਲੀ ਦਲ ਨੇ ਉਨ੍ਹਾਂ ਦੀ ਟਿਕਟ ਕੱਟ ਦਿੱਤੀ ਸੀ, ਇਸ ਪਿੱਛੋਂ ਉਨ੍ਹਾਂ ਨੇ ਸਰਗਰਮ ਸਿਆਸਤ ਤੋਂ ਦੂਰੀ ਬਣਾ ਲਈ ਸੀ। ਇਸ ਚੋਣ ਵਾਸਤੇ ਕਰਤਾਰਪੁਰ ਵਿੱਚ ਭਾਜਪਾ ਦੇ ਉਮੀਦਵਾਰ ਸੁਰਿੰਦਰ ਮਹੇ ਨੂੰ ਇਸ ਦਾ ਲਾਭ ਮਿਲ ਸਕਦਾ ਹੈ। ਜਲੰਧਰ ਵੈਸਟ ਵਿੱਚ ਅਵਿਨਾਸ਼ ਚੰਦਰ ਦੀ ਫੈਕਟਰੀ ਹੈ ਤੇ ਵੱਡੀ ਗਿਣਤੀ ਵਿੱਚ ਉਨ੍ਹਾਂ ਦੇ ਸਮਰਥਕ ਉਥੋਂ ਭਾਜਪਾ ਨੂੰ ਫਾਇਦਾ ਪਹੁੰਚਾ ਸਕਦੇ ਹਨ।

## ਤੇਜ਼ ਰਫ਼ਤਾਰ ਬੱਸ ਦੀ ਟੱਕਰ ਨਾਲ ਸਕੂਟਰੀ ਸਵਾਰ ਦੀ ਮੌਤ




ਜਲੰਧਰ ਛਾਉਣੀ, 10 ਫਰਵਰੀ (ਪੋਸਟ ਬਿਊਰੋ)- ਥਾਣਾ ਛਾਉਣੀ ਹੇਠਲੇ ਭੂਰ ਮੰਡੀ ਖੇਤਰ ਨੇੜੇ ਜਲੰਧਰ-ਫਗਵਾੜਾ ਹਾਈਵੇ ਉੱਤੇ ਕੱਲ੍ਹ ਸ਼ਾਮ ਇੱਕ ਤੇਜ਼ ਰਫ਼ਤਾਰ ਸਕੂਲੀ ਬੱਸ ਨੇ ਸਕੂਟਰੀ ਸਵਾਰ ਨੂੰ ਟੱਕਰ ਮਾਰ ਦਿੱਤੀ, ਜਿਸ ਦੌਰਾਨ ਸਕੂਟਰੀ ਸਵਾਰ ਵਿਅਕਤੀ ਦੀ ਮੌਕੇ ਉੱਤੇ ਮੌਤ ਹੋ ਗਈ।

ਮ੍ਰਿਤਕ ਦੀ ਪਛਾਣ ਮਨਜਿੰਦਰ ਸਿੰਘ ਭਾਟੀਆ (52) ਪੁੱਤਰ ਪ੍ਰੀਤਮ ਸਿੰਘ ਭਾਟੀਆ ਵਾਸੀ ਖੁਰਲਾ ਕਿੰਗਰਾ ਜਲੰਧਰ ਵਜੋਂ ਹੋਈ ਹੈ, ਜੋ ਕੱਲ੍ਹ ਸ਼ਾਮ ਆਪਣੀ ਸਕੂਟਰੀ ਰਾਹੀਂ ਪੀ ਏ ਪੀ ਚੌਕ ਤੋਂ ਰਾਮਾ ਮੰਡੀ ਵੱਲ ਨੂੰ ਜਾ ਰਿਹਾ ਸੀ ਕਿ ਇਸ ਦੌਰਾਨ ਪਿੱਛੋਂ ਆਈ ਸਕੂਲ ਦੀ ਤੇਜ਼ ਰਫ਼ਤਾਰ ਬੇਕਾਬੂ ਬੱਸ ਨੇ ਉਸ ਨੂੰ ਟੱਕਰ ਮਾਰ ਦਿੱਤੀ, ਜਿਸ ਦੌਰਾਨ ਭਾਟੀਆ ਸੜਕ ਉੱਤੇ ਡਿੱਗ ਗਿਆ ਤੇ ਉਸ ਦੀ ਟਾਇਰ ਹੇਠਾਂ ਆਉਣ ਨਾਲ ਮੌਕੇ ਉੱਤੇ ਮੌਤ ਹੋ ਗਈ। ਘਟਨਾ ਸਥਾਨ ਨੇੜੇ ਖੜ੍ਹੇ ਪੁਲਸ ਵਾਲਿਆਂ ਨੇ ਲੋਕਾਂ ਦੀ ਮਦਦ ਨਾਲ ਬੱਸ ਚਾਲਕ ਨੂੰ ਬੱਸ ਸਣੇ ਕਾਬੂ ਕਰ ਲਿਆ। ਭਾਟੀਆ ਡਾ. ਲਾਲ ਪੈਥ ਲੈਬ ਵਿੱਚ ਫੀਲਡ ਦਾ ਕੰਮ ਕਰਦਾ ਸੀ ਤੇ ਉਹ ਲੈਬ ਦੇ ਕੰਮ ਸੰਬੰਧੀ ਰਾਮਾ ਮੰਡੀ ਨੂੰ ਜਾ ਰਿਹਾ ਸੀ। ਬੱਸ ਚਾਲਕ ਦੀ ਪਛਾਣ ਬਲਕਾਰ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਜਮਸ਼ੇਰ ਖੇੜਾ ਵਜੋਂ ਹੋਈ ਹੈ।

## ਮੁੱਖ ਮੰਤਰੀ ਚੰਨੀ ਵੱਲੋਂ ਕੈਪਟਨ ਅਮਰਿੰਦਰ ਦੇ ਗੜ੍ਹ ਵਿੱਚ ਰੈਲੀ

* ਬੈਰੀਕੇਡ ਟੱਪ ਕੇ ਭੀੜ ਵਿੱਚ ਵੜੇ, ਸਕਿਓਰਿਟੀ ਨੂੰ ਹੱਥਾਂ-ਪੈਰਾਂ ਦੀ ਪਈ



ਪਟਿਆਲਾ, 10 ਫਰਵਰੀ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਰਾਤ ਕਰੀਬ ਨੌਂ ਵਜੇ ਕੈਪਟਨ ਅਮਰਿੰਦਰ ਸਿੰਘ ਦੇ ਗੜ੍ਹ ਅੰਦਰ ਧੀਰੂ ਕੀ ਮਾਜਰੀ ਵਿੱਚ ਇੱਥੋਂ ਦੇ ਕਾਂਗਰਸੀ ਉਮੀਦਵਾਰ ਵਿਸ਼ਨੂੰ ਸ਼ਰਮਾ ਦੇ ਹੱਕ ਵਿੱਚ ਚੋਣ ਰੈਲੀ ਕੀਤੀ, ਜਿੱਥੇ ਮੁੱਖ ਮੰਤਰੀ ਸਕਿਓਰਿਟੀ ਨੂੰ ਲਾਂਭੇ ਛੱਡ ਕੇ ਉਹ ਬੈਰੀਕੇਡ ਟੱਪ ਕੇ ਇਕੱਠ ਵਿੱਚ ਜਾ ਵੜੇ। ਇਸ ਦੌਰਾਨ ਲੋਕਾਂ ਨੇ ਚਰਨਜੀਤ ਚੰਨੀ ਨੂੰ ਹੱਥਾਂ ਉੱਤੇ ਚੁੱਕ ਲਿਆ।

ਜਨਤਕ ਇਕੱਠ ਵਿੱਚ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਆਮ ਵਿਅਕਤੀ ਵਾਂਗ ਲੋਕਾਂ ਵਿੱਚ ਜਾਣ ਦੀ ਇਸ ਕਾਰਵਾਈ ਤੋਂ ਸਕਿਓਰਿਟੀ ਗਾਰਡ ਚਿੰਤਤ ਹੋ ਗਏ, ਪਰ ਫੋਰਸ ਨੂੰ ਸੰਬੋਧਨ ਕਰਦਿਆਂ ਚੰਨੀ ਨੇ ਕਿਹਾ, ''ਕੋਈ ਗੱਲ ਨਹੀਂ, ਮੈਨੂੰ ਕੁਝ ਨਹੀਂ ਹੋਣ ਲੱਗਾ। ਇਹ ਸਾਰੇ ਲੋਕ ਮੇਰੇ ਭਰਾ ਹੀ ਹਨ ਤੇ ਮੈਂ ਆਮ ਵਿਅਕਤੀ ਹਾਂ, ਇਸ ਕਰ ਕੇ ਘਬਰਾਉਣ ਦੀ ਲੋੜ ਨਹੀਂ।' ਫਿਰ ਵੀ ਸਕਿਓਰਿਟੀ ਵਾਲਿਆਂ ਦੇ ਸਾਹ ਫੁੱਲੇ ਰਹੇ।

ਕੈਪਟਨ ਅਮਰਿੰਦਰ ਸਿੰਘ ਦੇ ਮੋਤੀ ਮਹਿਲ ਦੇ ਨੇੜੇ ਧੀਰੂ ਕੀ ਮਾਜਰੀ ਵਜੋਂ ਪ੍ਰਸਿੱਧ ਇਸ ਖੇਤਰ ਵਿੱਚ ਵਧੇਰੇ ਕਰ ਕੇ ਦਲਿਤ ਅਤੇ ਹੋਰ ਪੱਛੜੀਆਂ ਸ਼੍ਰੇਣੀਆਂ ਦੇ ਹਜ਼ਾਰਾਂ ਵੋਟਰ ਹਨ। ਇੱਥੋਂ ਦੇ ਵਸਨੀਕਾਂ ਨੂੰ ਪਹਿਲਾਂ ਮੁੱਖ ਤੌਰ ਉੱਤੇ ਸ਼ਾਹੀ ਪਰਵਾਰ ਦੇ ਕੱਟੜ ਸਮਰਥਕ ਮੰਨਿਆ ਜਾਂਦਾ ਸੀ। ਪੂਰੀ ਸਥਿਤੀ ਤਾਂ ਨਤੀਜੇ ਤੋਂ ਹੀ ਸਪੱਸ਼ਟ ਹੋਵੇਗੀ, ਪਰ ਕੱਲ੍ਹ ਰਾਤ ਪਟਿਆਲਾ ਸ਼ਹਿਰੀ ਹਲਕੇ ਤੋਂ ਕਾਂਗਰਸ ਉਮੀਦਵਾਰ ਵਿਸ਼ਨੂੰ ਸ਼ਰਮਾ ਦੇ ਹੱਕ ਵਿੱਚ ਚੋਣ ਰੈਲੀ ਕਰਨ ਪੁੱਜੇ ਚੰਨੀ ਦਾ ਇਲਾਕਾ ਵਾਸੀਆਂ ਨੇ ਭਰਵਾਂ ਸਵਾਗਤ ਕੀਤਾ। ਚੰਨੀ ਨੂੰ ਆਪਣੇ ਵਿਚਾਲੇ ਦੇਖ ਕੇ ਲੋਕ ਖੁਸ਼ੀ ਵਿੱਚ ਕਿਲਕਾਰੀਆਂ ਮਾਰਨ ਲੱਗੇ। ਜਦੋਂ ਬੈਰੀਕੇਡ ਟੱਪ ਕੇਚੰਨੀ ਜਦੋਂ ਸਟੇਜ ਉੱਤੇ ਪੁੱਜੇ ਤਾਂ ਉਥੇ ਵੀ ਆਮ ਲੋਕਾਂ ਦੀ ਵਧੇਰੇ ਭੀੜ ਜੁੜੀ ਰਹੀ। ਚੰਨੀ ਨੂੰ ਇਲਾਕਾ ਵਾਸੀਆ ਨੇ ਸਨਮਾਨ ਵਜੋਂ ਲੋਈ ਦਿੱਤੀ, ਜਿਹੜੀ ਉਨ੍ਹਾਂ ਨੇ ਨੇੜੇ ਸਟੇਜ ਉੱਤੇ ਆ ਚੜ੍ਹੀ ਇੱਕ ਮਹਿਲਾ ਦੇ ਗਲ ਪਾ ਦਿੱਤੀ। ਇਸੇ ਤਰ੍ਹਾਂ ਸਨਮਾਨ ਵਿੱਚ ਮਿਲੀ ਕਿਰਪਾਨ ਵੀ ਉਨ੍ਹਾਂ ਨੇ ਉਥੇ ਮੌਜੂਦ ਇੱਕ ਵਸਨੀਕ ਨੂੰ ਦੇ ਦਿੱਤੀ। ਸਟੇਜ ਤੋਂ ਬੋਲਦਿਆਂ ਮੁੱਖ ਮੰਤਰੀ ਚਰਨਜੀਤ ਸਿੰਘ ਨੇ ਕਿਹਾ, ''ਤੁਸਾਂ ਕਦੇ ਕੈਪਟਨ ਨੂੰ ਹੱਥ ਲਾ ਕੇ ਨਹੀਂ ਦੇਖਿਆ ਹੋਣਾ, ਪਰ ਮੈਨੂੰ ਤੁਸੀਂ ਜੱਫੀਆਂ ਪਾਉਂਦਿਆਂ ਕਲਾਵੇ ਵਿੱਚ ਲੈ ਲਿਆ।'' ਉਨ੍ਹਾਂ ਕਿਹਾ, ''ਚਾਹੀਦਾ ਇਹ ਹੈ ਕਿ ਤੁਸੀਂ ਪੱਕੇ ਤੌਰ ਉੱਤੇ ਕਲਾਵੇ ਵਿੱਚ ਲੈਂਦਿਆਂ ਇੱਕ ਵਾਰ ਫੇਰ ਮੁੱਖ ਮੰਤਰੀ ਦੀ ਕੁਰਸੀ ਬਖਸ਼ੋ, ਜਿਸ ਲਈ ਪਟਿਆਲਾ ਤੋਂ ਕਾਂਗਰਸੀ ਉਮੀਦਵਾਰ ਵਿਸ਼ਨੂੰ ਸ਼ਰਮਾ ਨੂੰ ਜਿਤਾਉਣਾ ਜ਼ਰੂਰੀ ਹੈ।'' ਇਸੇ ਦੌਰਾਨ ਰੈਲੀ ਦੀ ਸਮਾਪਤੀ ਉੱਤੇ ਚੰਨੀ ਦਸ ਫੁੱਟ ਉਚੀ ਸਟੇਜ ਤੋਂ ਵੀ ਛਾਲ ਮਾਰ ਕੇ ਉਤਰੇ, ਜਦ ਕਿ ਹੋਰਨਾਂ ਆਗੂਆਂ ਨੂੰ ਉਤਰਨ ਉੱਤੇ ਟਾਈਮ ਲੱਗਾ ਕਿ ਕਿਉਂਕਿ ਸਟੇਜ ਵਾਲੀਆਂ ਪੌੜੀਆਂ ਵਿੱਚ ਲੋਕਾਂ ਦੀ ਭਾਰੀ ਭੀੜ ਸੀ।

## ਮੁਤਵਾਜ਼ੀ ਜਥੇਦਾਰਾਂ ਨੇ ਰੰਧਾਵਾ, ਬਾਜਵਾ ਤੇ ਤਿੰਨ ਕਾਂਗਰਸੀ ਵਿਧਾਇਕ ਤਨਖਾਹੀਏ ਕਰਾਰ ਦਿੱਤੇ





ਅੰਮ੍ਰਿਤਸਰ, 10 ਫਰਵਰੀ (ਪੋਸਟ ਬਿਊਰੋ)- ਸਾਲ 2015 ਵਿੱਚ ਹੋਏ ਸਰਬੱਤ ਖਾਲਸਾ ਦੌਰਾਨ ਬਣਾਏ ਗਏ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਬੇਅਦਬੀ ਕੇਸਾਂ ਵਿੱਚ ਕਾਂਗਰਸ ਸਰਕਾਰ ਵੱਲੋਂ ਦੋਸ਼ੀਆਂ ਖ਼ਿਲਾਫ਼ ਕਾਰਵਾਈ ਨਾ ਕੀਤੇ ਜਾਣ ਅਤੇ ਇਸ ਬਾਰੇ ਵਾਅਦਾਖਿਲਾਫੀ ਦੇ ਦੋਸ਼ ਹੇਠ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਅਤੇ ਤਿੰਨ ਵਿਧਾਇਕਾਂ ਹਰਮਿੰਦਰ ਸਿੰਘ ਗਿੱਲ, ਕੁਲਬੀਰ ਸਿੰਘ ਜ਼ੀਰਾ ਅਤੇ ਕੁਸ਼ਲਦੀਪ ਸਿੰਘ ਕਿੱਕੀ ਢਿੱਲੋਂ ਨੂੰ ਤਨਖਾਹੀਆ ਕਰਾਰ ਦੇ ਦਿੱਤਾ ਹੈ।

ਇਸ ਮੌਕੇ ਭਾਈ ਧਿਆਨ ਸਿੰਘ ਮੰਡ ਨੇ ਸੰਗਤ ਨੂੰ ਕਿਹਾ ਕਿ ਜਦੋਂ ਤਕ ਇਹ ਸਾਰੇ ਅਕਾਲ ਤਖ਼ਤ ਉੱਤੇ ਪੇਸ਼ ਹੋ ਕੇ ਪੰਥਕ ਰਵਾਇਤ ਅਨੁਸਾਰ ਤਨਖਾਹ ਨਾ ਲਵਾਉਣ, ਉਦੋਂ ਤਕ ਇਨ੍ਹਾਂ ਨੂੰ ਕਿਸੇ ਗੁਰਦੁਆਰੇ ਜਾਂ ਸੰਗਤ ਦੇ ਇਕੱਠ ਵਿੱਚ ਬੋਲਣ ਨਾ ਦਿੱਤਾ ਜਾਵੇ, ਨਾ ਕੋਈ ਸਹਿਯੋਗ ਦਿੱਤਾ ਜਾਵੇ ਅਤੇ ਨਾ ਕੋਈ ਮਾਣ ਸਨਮਾਨ ਕੀਤਾ ਜਾਵੇ। ਇਸ ਤੋਂ ਪਹਿਲਾਂ ਮੁਤਵਾਜ਼ੀ ਜਥੇਦਾਰ ਨੇ ਇਸੇ ਕੇਸ ਵਿੱਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਤਨਖਾਹੀਆ ਕਰਾਰ ਦਿੱਤਾ ਹੋਇਆ ਹੈ। ਕੱਲ੍ਹ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਦੇ ਬਾਹਰ ਜਥੇਦਾਰ ਮੰਡ ਨੇ ਉਕਤ ਪੰਜ ਕਾਂਗਰਸੀ ਆਗੂਆਂ ਦੇ ਖ਼ਿਲਾਫ਼ ਇਹ ਹੁਕਮ ਜਾਰੀ ਕੀਤਾ ਅਤੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਇਨਸਾਫ ਲਈ ਲਾਏ ਗਏ ਬਰਗਾੜੀ ਮੋਰਚੇ ਨੂੰ ਪੰਜਾਬ ਸਰਕਾਰ ਨੇ ਨਿਆਂ ਦੇਣ ਦਾ ਝੂਠਾ ਭਰੋਸਾ ਦਿੱਤਾ ਸੀ। ਉਨ੍ਹਾਂ ਕਿਹਾ ਕਿ ਇਨ੍ਹਾਂ ਦੋਵੇਂ ਮੰਤਰੀਆਂ ਤੇ ਤਿੰਨੇ ਵਿਧਾਇਕਾਂ, ਜੋ ਉਸ ਵੇਲੇ ਸਰਕਾਰ ਦੇ ਏਲਚੀ ਬਣ ਕੇ ਮੋਰਚਾ ਖ਼ਤਮ ਕਰਾਉਣ ਆਏ ਸਨ, ਨੇ ਇਸ ਮਾਮਲੇ ਵਿੱਚ ਸਾਰਾ ਦੋਸ਼ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਉੱਤੇ ਮੜ੍ਹ ਦਿੱਤਾ ਸੀ।

## ਰਾਮ ਰਹੀਮ ਦੀ ਪੈਰੋਲ 'ਤੇ ਇਤਰਾਜ਼ ਬਾਰੇ ਜਾਖੜ ਦਾ ਸ਼੍ਰੋਮਣੀ ਕਮੇਟੀ ਨੂੰ ਮੋੜਵਾਂ ਸਵਾਲ

ਚੰਡੀਗੜ੍ਹ, 10 ਫਰਵਰੀ (ਪੋਸਟ ਬਿਊਰੋ)- ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਰਾਮ ਰਹੀਮ ਸਿੰਘ ਨੂੰ ਸੁਨਾਰੀਆ ਜੇਲ੍ਹ ਵਿੱਚੋਂ ਬਾਹਰ ਲਿਆਉਣ ਦੀ ਪੈਰੋਲ ਦੇਣ ਦੇ ਹਰਿਆਣਾ ਸਰਕਾਰ ਦੇ ਫ਼ੈਸਲੇ ਉੱਤੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਪ੍ਰਤੀਕਰਮ ਦਿੱਤਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚੋਣਾਂ ਤੋਂ ਪਹਿਲਾਂ ਡੇਰਾ ਮੁਖੀ ਨੂੰ ਪੈਰੋਲ ਮਿਲਣ ਉੱਤੇ ਉਠਾਏ ਸਵਾਲ ਉੱਤੇ ਪਲਟਵਾਰ ਕੀਤਾ ਹੈ।

ਸੁਨੀਲ ਜਾਖੜ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਅੱਜ ਸਵਾਲ ਉਠਾ ਰਹੀ ਹੈ ਪਰ ਜਦ ਪੰਜਾਬ ਵਿੱਚ ਅਕਾਲੀ ਦਲ ਦੀ ਬਾਦਲ ਸਰਕਾਰ ਸੀ, ਤਾਂ ਓਦੋਂ ਇਸ ਡੇਰੇ ਦੇ ਮਾਮਲੇ ਵਿੱਚ ਜੋ ਕੁਝ ਹੁੰਦਾ ਰਿਹਾ ਸੀ, ਉਸ ਬਾਰੇ ਕਿਉਂ ਨਹੀਂ ਬੋਲੀ?ਜਾਖੜ ਨੇ ਟਵੀਟ ਕਰ ਕੇ ਲਿਖਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਵਰਗਾ ਪਹਿਰਾਵਾ ਪਾ ਕੇ 2012 ਵਿੱਚ ਡੇਰਾ ਮੁਖੀ ਨੇ ਸਾਂਗ ਰਚਿਆ ਸੀ ਅਤੇ ਓਦੋਂ ਵੀ ਚੋਣਾਂ ਤੋਂ ਤਿੰਨ ਦਿਨ ਪਹਿਲਾਂ ਬਾਦਲ ਸਰਕਾਰ ਨੇ ਇਸ ਬਾਰੇ ਦਰਜ ਕੇਸ ਰੱਦ ਕਰਨ ਲਈ ਅਦਾਲਤ ਵਿੱਚ ਰਿਪੋਰਟ ਪੇਸ਼ ਕਰ ਕੇ ਇਸੇ ਡੇਰਾ ਮੁਖੀ ਨੂੰ ਕਾਨੂੰਨ ਤੋਂ ਬਚਾਇਆ ਸੀ ਤਾਂ ਸ਼੍ਰੋਮਣੀ ਕਮੇਟੀ ਉਸ ਵੇਲੇ ਪੰਥਕ ਸਰਕਾਰ ਵਿਰੁੱਧ ਕਿਉਂ ਖਾਮੋਸ਼ ਰਹੀ ਸੀ?

## ਸੰਯੁਕਤ ਸਮਾਜ ਮੋਰਚੇ ਨੇ ਕਿਸਾਨਾਂ ਦੀ ਆਮਦਨ 25 ਹਜ਼ਾਰ ਮਾਸਿਕ ਕਰਨ ਦਾ ਵਾਅਦਾ ਕੀਤਾ

ਚੰਡੀਗੜ੍ਹ, 10 ਫਰਵਰੀ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਕਿਸਾਨ ਜਥੇਬੰਦੀਆਂ ਵੱਲੋਂ ਮੈਦਾਨ ਵਿੱਚ ਨਿੱਤਰੇ ਸੰਯੁਕਤ ਸਮਾਜ ਮੋਰਚਾ ਨੇ ਕੱਲ੍ਹ ਇੱਥੇ 'ਇਕਰਾਰਨਾਮਾ' ਦੇ ਨਾਮ ਹੇਠ ਪਾਰਟੀ ਦਾ ਚੋਣ ਮਨੋਰਥ ਪੱਤਰ ਜਾਰੀ ਕੀਤਾ ਹੈ। ਮੋਰਚੇ ਦੇ ਆਗੂਆਂ ਬਲਬੀਰ ਸਿੰਘ ਰਾਜੇਵਾਲ, ਪ੍ਰੇਮ ਸਿੰਘ ਭੰਗੂ, ਮਨਜੀਤ ਸਿੰਘ ਅਤੇ ਸਾਬਕਾ ਆਈ ਏ ਐਸ ਅਧਿਕਾਰੀ ਐਸ ਐਸ ਬੋਪਾਰਾਏ ਨੇ 'ਇਕਰਾਰਨਾਮਾ' ਜਾਰੀ ਕਰਦਿਆਂ ਪੰਜਾਬੀਆਂ ਨਾਲ ਵਾਅਦਾ ਕੀਤਾ ਕਿ ਰਵਾਇਤੀ ਪਾਰਟੀਆਂ ਵੱਲੋਂ ਪੰਜਾਬ ਦੀ ਕੀਤੀ ਤਬਾਹੀ ਦਾ ਨਾ ਸਿਰਫ ਹਿਸਾਬ ਲਿਆ ਜਾਵੇਗਾ, ਸਗੋਂ ਤਬਾਹੀ ਕੰਢੇ ਪੁੱਜੇ ਪੰਜਾਬ ਦੀ ਮੁੜ ਸੁਰਜੀਤੀ ਲਈ ਵੱਡੇ ਫੈਸਲੇ ਵੀ ਲਏ ਜਾਣਗੇ। ਅਸਲ ਵਿੱਚ ਇਹ ਚੋਣ ਦਸਤਾਵੇਜ਼ ਮੁੱਖ ਤੌਰ ਉੱਤੇ ਕਿਸਾਨੀ ਨੂੰ ਸੰਬੋਧਤ ਹੈ। ਉਨ੍ਹਾਂ ਨੇ ਕਿਸਾਨਾਂ ਦੀਆਂ ਸਭ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਉੱਤੇ ਹੱਲ ਕਰਨ ਤੇ ਸੂਬੇ ਦੇ ਵਿਕਾਸ ਅਤੇ ਨਵੇਂ ਰੁਜ਼ਗਾਰਾਂ ਉੱਤੇ ਧਿਆਨ ਦੇਣ ਦਾ ਵਾਅਦਾ ਕੀਤਾ ਹੈ। ਇਸ ਮਨੋਰਥ ਪੱਤਰ ਵਿੱਚ ਲੋਕ ਲੁਭਾਊ ਚੀਜ਼ਾਂ ਦੇ ਦਾਅਵੇ ਕਰਨ ਤੋਂ ਗੁਰੇਜ਼ ਕਰ ਕੇ ਰਾਜੇਵਾਲ ਨੇ ਕਿਹਾ ਕਿ ਪੰਜਾਬੀਆਂ ਦੀ ਭਲਾਈ, ਬੇਰੁਜ਼ਗਾਰੀ ਤੇ ਲੋਕਾਂ ਨੂੰ ਦਰਪੇਸ਼ ਹੋਰ ਗੰਭੀਰ ਸਮੱਸਿਆਵਾਂ ਦਾ ਹੱਲ ਰਵਾਇਤੀ ਪਾਰਟੀਆਂ ਦੇ ਏਜੰਡੇ ਵਿੱਚ ਸ਼ਾਮਲ ਨਹੀਂ ਹੈ। ਉਨ੍ਹਾਂ ਕਿਹਾ ਕਿ ਰਾਜਨੀਤਕ ਪਾਰਟੀਆਂ ਨੇ ਪ੍ਰਤੀ ਵਿਅਕਤੀ ਆਮਦਨ ਦੇ ਪੈਮਾਨੇ ਵਿੱਚ ਪੰਜਾਬ ਨੂੰ ਅੱਵਲ ਨੰਬਰ ਤੋਂ 16ਵੇਂ ਨੰਬਰ ਉੱਤੇ ਧੱਕ ਦਿੱਤਾ ਹੈ। ਉਹ ਹਰ ਕਿਸਾਨ ਪਰਵਾਰ ਲਈ ਪ੍ਰਤੀ ਮਹੀਨਾ 25 ਹਜ਼ਾਰ ਰੁਪਏ ਦੀ ਆਮਦਨ ਨੂੰ ਯਕੀਨੀ ਬਣਾਉਣ ਦਾ ਯਤਨ ਕਰਨਗੇ। ਕਿਸਾਨਾਂ ਦੀ ਆਰਥਿਕ ਬਿਹਤਰੀ ਦੇ ਉਪਾਅ ਲਈ 'ਕਿਸਾਨ ਬਚਾਓ ਕਮਿਸ਼ਨ' ਦਾ ਗਠਨ ਕੀਤਾ ਜਾਵੇਗਾ।

ਸੰਯੁਕਤ ਸਮਾਜ ਪਾਰਟੀ ਦੇ ਇਕਰਾਰਨਾਮੇ ਹੇਠ ਖੇਤੀ ਨੂੰ ਲਾਹੇਵੰਦ ਧੰਦਾ ਬਣਾਉਣ ਅਤੇ ਸਾਰੀਆਂ ਫਸਲਾਂ, ਫਲਾਂ ਤੇ ਸਬਜ਼ੀਆਂ ਲਈ ਘੱਟੋ-ਘੱਟ ਸਮਰਥਨ ਮੁੱਲ ਯਕੀਨੀ ਬਣਾਇਆ ਜਾਵੇਗਾ। ਇਸ ਵਿੱਚ ਸਰਕਾਰ ਦਖਲ ਦੇਵੇਗੀ ਅਤੇ ਐਮ ਐਸ ਪੀ ਤੋਂ ਘੱਟ ਮੁੱਲ ਉੱਤੇ ਖਰੀਦੀਆਂ ਫਸਲਾਂ ਦੀ ਭਰਪਾਈ ਸਰਕਾਰ ਕਰੇਗੀ। ਪਿੰਡਾਂ ਵਿੱਚ ਖੁਦ ਸਹਾਇਤਾ ਗਰੁੱਪਾਂ ਅਤੇ ਖੇਤੀ ਕੋਆਪਰੇਟਿਵ ਸੋਸਾਇਟੀਜ਼ ਨੂੰ ਉਤਸ਼ਾਹਤ ਕੀਤਾ ਜਾਵੇਗਾ, ਜਿਨ੍ਹਾਂ ਰਾਹੀਂ ਕਿਸਾਨਾਂ ਨੂੰ ਹਰ ਸਾਲ ਦੇ ਆਧਾਰ ਉੱਤੇ ਤਿੰਨ ਲੱਖ ਰੁਪਏ ਤਕ ਵਿਆਜ ਮੁਕਤ ਕਰਜ਼ਾ ਦਿੱਤਾ ਜਾਵੇਗਾ। ਸਸਤੀ ਬਿਜਲੀ ਦੀ ਖਰੀਦ ਅਤੇ ਵੰਡ ਕਰਨ ਤੇ ਖੇਤੀ ਖੇਤਰ ਨੂੰ ਮੁਫ਼ਤ ਬਿਜਲੀ ਸਪਲਾਈ ਲਈ ਸਟੇਟ ਪਾਵਰ ਰੈਗੂਲੇਟਰੀ ਕਮਿਸ਼ਨ ਬਣਾਇਆ ਜਾਵੇਗਾ। ਉਨ੍ਹਾਂ ਵਾਅਦਾ ਕੀਤਾ ਕਿ ਪੰਜਾਬ ਵਿੱਚ ਹਾਈਵੇਜ਼ ਨੂੰ ਟੋਲ ਫਰੀ ਬਣਾਇਆ ਜਾਵੇਗਾ। ਪੰਜਾਬੀ ਡਾਇਸਪੋਰਾ ਨੂੰ ਪੇਂਡੂ ਖੇਤਰਾਂ ਵਿੱਚ ਸਵੱਛਤਾ, ਸਿੱਖਿਆ ਤੇ ਸਿਹਤ ਸਹੂਲਤਾਂ ਉਸਾਰਨ ਲਈ ਆਪਣੇ ਜੱਦੀ ਪਿੰਡ ਗੋਦ ਲੈਣ ਲਈ ਜੋੜਿਆ ਜਾਵੇਗਾ। ਪੰਜਾਬ ਵਿਧਾਨ ਸਭਾ ਸਾਲ ਵਿੱਚ ਨੱਬੇ ਦਿਨ ਕੰਮ ਕਰੇਗੀ, ਜਿਸ ਵਿੱਚ 75 ਫੀਸਦੀ ਵਿਧਾਇਕਾਂ ਦੀ ਹਾਜ਼ਰੀ ਨੂੰ ਯਕੀਨੀ ਬਣਾਇਆ ਜਾਵੇਗਾ। ਸਿਆਸੀ ਆਗੂਆਂ ਅਤੇ ਨੌਕਰਸ਼ਾਹਾਂ ਵੱਲੋਂ ਰਿਸ਼ਵਤਖੋਰੀ ਰਾਹੀਂ ਇਕੱਠੇ ਕੀਤੇ ਗਏ ਕਰੋੜਾਂ ਅਰਬਾਂ ਰੁਪਏ ਅਤੇ ਹੋਰ ਵਸੀਲਿਆਂ ਦੀ ਜਾਂਚ ਲਈ ਹਿਸਾਬ ਕਿਤਾਬ ਕਮਿਸ਼ਨ ਦਾ ਗਠਨ ਕੀਤਾ ਜਾਵੇਗਾ।

## ਮੁਕਤਸਰ ਦੇ ਡੀ ਸੀ ਦਾ ਪੁੱਤਰ ਸਰਕਾਰੀ ਸਕੂਲ ਵਿੱਚ ਪੜ੍ਹੇਗਾ

ਸ੍ਰੀ ਮੁਕਤਸਰ ਸਾਹਿਬ, 10 ਫਰਵਰੀ (ਪੋਸਟ ਬਿਊਰੋ)- ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਸੂਦਨ ਨੇ ਨਵੀਂ ਪਿਰਤ ਪਾਉਂਦਿਆਂ ਆਪਣੇ ਪੰਜ ਸਾਲਾ ਪੁੱਤਰ ਪ੍ਰਿਸ਼ਮ ਸਿੰਘ ਸੂਦਨ ਨੂੰ ਸਰਕਾਰੀ ਸਕੂਲ ਚੱਕ ਬੀੜ ਵਿੱਚ ਪਹਿਲੀ ਕਲਾਸ ਵਿੱਚ ਦਾਖਲ ਕਰਵਾਇਆ ਹੈ।

ਇਸ ਬਾਰੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ) ਪ੍ਰਭਜੋਤ ਕੌਰ ਨੇ ਦੱਸਿਆ ਕਿ ਵਿਭਾਗ ਵੱਲੋਂ ਚਲਾਈ ਜਾ ਰਹੀ ਦਾਖਲਾ ਮੁਹਿੰਮ ਤਹਿਤ ਹਰ ਵਰਗ ਦੇ ਪਰਵਾਰ ਦੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣ ਦੇ ਉਦੇਸ਼ ਹਿਤ ਉਨ੍ਹਾਂ ਡਿਪਟੀ ਕਮਿਸ਼ਨਰ ਤਕ ਪਹੁੰਚ ਕੀਤੀ ਤਾਂ ਉਨ੍ਹਾਂ ਨੇ ਵੀ ਆਪਣੇ ਬੱਚੇ ਨੂੰ ਸਰਕਾਰੀ ਸਕੂਲ ਵਿੱਚ ਦਾਖਲ ਕਰਵਾ ਦਿੱਤਾ। ਇਸ ਨਾਲ ਹੋਰ ਪਰਵਾਰਾਂ ਨੂੰ ਆਪਣੇ ਬੱਚੇ ਸਰਕਾਰੀ ਸਕੂਲਾਂ ਵਿੱਚ ਭਰਤੀ ਕਰਨ ਲਈ ਪ੍ਰੇਰਨ ਵਿੱਚ ਮਦਦ ਮਿਲੇਗੀ।ਉਨ੍ਹਾਂ ਦੱਸਿਆ ਕਿ ਸਰਕਾਰੀ ਸਕੂਲਾਂ ਵਿੱਚ ਅੰਗਰੇਜ਼ੀ ਸਮਾਰਟ ਤਰੀਕੇ ਨਾਲ ਸਿੱਖਿਆ ਦਿੱਤੀ ਜਾਂਦੀ ਹੈ ਅਤੇ ਸਕੂਲਾਂ ਵਿੱਚ ਵਧੀਆ ਲਾਇਬ੍ਰੇਰੀ, ਲਿਸਨਿੰਗ ਲੈਬ, ਕੰਪਿਊਟਰ ਲੈਬ ਅਤੇ ਸਮਾਰਟ ਕਲਾਸ ਰੂਮ ਦੀ ਸਹੂਲਤ ਵੀ ਦਿੱਤੀ ਗਈ ਹੈ, ਜਿਹੜੀ ਪਹਿਲਾਂ ਨਹੀਂ ਸੀ ਹੁੰਦੀ।

## ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਡਾ. ਨਰਪਿੰਦਰ ਸਿੰਘ ਆਨਰੇਰੀ ਫੈਲੋਸ਼ਿਪ ਐਵਾਰਡ ਨਾਲ ਸਨਮਾਨਿਤ




ਅੰਮ੍ਰਿਤਸਰ, 10 ਫਰਵਰੀ (ਪੋਸਟ ਬਿਊਰੋ)- ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਫੂਡ ਸਾਇੰਸ ਐਂਡ ਟੈਕਨਾਲੋਜੀ ਦੇ ਪ੍ਰੋਫੈਸਰ ਡਾ. ਨਰਪਿੰਦਰ ਸਿੰਘ, ਪ੍ਰੋਫੈਸਰ ਦਾ 25ਵੀਂ ਪੰਜਾਬ ਸਾਇੰਸ ਕਾਂਗਰਸ ਦੇ ਸਨਮਾਨ ਸਮਾਰੋਹ ਵਿੱਚ ਆਨਰੇਰੀ ਫੈਲੋਸ਼ਿਪ ਐਵਾਰਡ ਨਾਲ ਸਨਮਾਨ ਕੀਤਾ ਗਿਆ। ਇਹ ਸਾਇੰਸ ਕਾਂਗਰਸ ਪੰਜਾਬ ਅਕੈਡਮੀ ਆਫ ਸਾਇੰਸਜ਼ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ ਵਿਖੇ ਕਰਵਾਈ ਗਈ।

ਪੰਜਾਬ ਅਕੈਡਮੀ ਆਫ ਸਾਇੰਸ ਹਰ ਸਾਲ ਇਹ ਫੈਲੋਸ਼ਿਪ ਭਾਰਤ ਅਤੇ ਵਿਦੇਸ਼ਾਂ ਦੇ ਇੱਕ ਉਘੇ ਵਿਗਿਆਨੀ ਨੂੰ ਪ੍ਰਦਾਨ ਕਰਦੀ ਹੈ ਜਿਨ੍ਹਾਂ ਨੇ ਵਿਗਿਆਨਕ ਖੇਤਰਾਂ ਵਿੱਚ ਦੇਸ਼ ਦੇ ਵਿਕਾਸ ਲਈ ਬਹੁਤ ਵੱਡਾ ਅਤੇ ਭਰਪੂਰ ਯੋਗਦਾਨ ਪਾਉਣ ਤੋਂ ਇਲਾਵਾ ਵਿਗਿਆਨ ਦੇ ਪ੍ਰਚਾਰ ਅਤੇ ਵਿਕਾਸ ਲਈ ਵੀ ਕੰਮ ਕੀਤਾ ਹੋਵੇ। ਡਾ. ਨਰਪਿੰਦਰ ਸਿੰਘ ਖੇਤੀਬਾੜੀ ਵਿਗਿਆਨ, ਖਾਸ ਕਰਕੇ ਭੋਜਨ ਵਿਗਿਆਨ ਅਤੇ ਤਕਨਾਲੋਜੀ ਵਿੱਚ ਆਪਣੀ ਖੋਜ ਲਈ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਸਿੱਧ ਹਨ। ਉਨ੍ਹਾਂ ਨੂੰ ਬਹੁਤ ਸਾਰੇ ਰਾਸ਼ਟਰੀ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ ਹੈ ਜਿਵੇਂ ਕਿ ਭਾਰਤੀ ਖੇਤੀ ਖੋਜ ਪ੍ਰੀਸ਼ਦ ਦੁਆਰਾ ਰਫੀ ਅਹਿਮਦ ਕਿਦਵਈ ਅਵਾਰਡ ਅਤੇ ਭਾਰਤ ਸਰਕਾਰ ਦੇ ਵਿਗਿਆਨ ਅਤੇ ਤਕਨਾਲੋਜੀ ਵਿਭਾਗ ਦੁਆਰਾ ਪ੍ਰਦਾਨ ਕੀਤੀ ਗਈ ਜੇਸੀ ਬੋਸ ਨੈਸ਼ਨਲ ਫੈਲੋਸ਼ਿਪ। ਉਹ ਸੀਰੀਅਲਜ਼ ਐਂਡ ਗ੍ਰੇਨ ਐਸੋਸੀਏਸ਼ਨ (ਸਾਬਕਾ ਐਸੋਸੀਏਸ਼ਨ ਆਫ਼ ਸੀਰੀਅਲ ਕੈਮਿਸਟ ਇੰਟਰਨੈਸ਼ਨਲ), ਨੈਸ਼ਨਲ ਅਕੈਡਮੀ ਆਫ ਐਗਰੀਕਲਚਰਲ ਸਾਇੰਸਿਜ਼, ਇੰਡੀਅਨ ਨੈਸ਼ਨਲ ਸਾਇੰਸ ਅਕੈਡਮੀ, ਨੈਸ਼ਨਲ ਅਕੈਡਮੀ ਆਫ਼ ਸਾਇੰਸਿਜ਼, ਇੰਡੀਆ, ਐਸੋਸੀਏਸ਼ਨ ਆਫ਼ ਫੂਡ ਸਾਇੰਟਿਸਟ ਅਤੇ ਟੈਕਨੋਲੋਜਿਸਟ ਇੰਡੀਆ ਦੇ ਵੀ ਫੈਲੋ ਹਨ। ਇਹ ਪੁਰਸਕਾਰ ਉਹਨਾਂ ਦੀ ਉਚ ਪਾਏ ਦੀ ਖੋਜ ਸਦਕਾ ਫੂਡ ਸਾਇੰਸ ਅਤੇ ਟੈਕਨਾਲੋਜੀ ਦੇ ਅਨੁਸ਼ਾਸਨ ਵਿੱਚ ਉਹਨਾਂ ਦੀ ਅਗਵਾਈ ਦੇ ਕਾਰਨ ਉਹਨਾਂ ਨੂੰ ਪ੍ਰਦਾਨ ਕੀਤੀ ਗਈ ਹੈ। ਉਹ 2016 ਵਿੱਚ ਐਸੋਸੀਏਸ਼ਨ ਆਫ ਫੂਡ ਸਾਇੰਟਿਸਟ ਐਂਡ ਟੈਕਨੋਲੋਜਿਸਟ ਇੰਡੀਆ ਦੇ ਪ੍ਰਧਾਨ ਵੀ ਚੁਣੇ ਗਏ ਸਨ। ਡਾ. ਸਿੰਘ ਨੇ ਰਾਸ਼ਟਰੀ ਪੱਧਰ 'ਤੇ ਕਈ ਵੱਕਾਰੀ ਖੋਜ ਪ੍ਰੋਗਰਾਮ ਕਮੇਟੀਆਂ ਵਿੱਚ ਮਾਹਿਰ ਮੈਂਬਰ ਵਜੋਂ ਸੇਵਾ ਨਿਭਾਈ ਹੈ।

ਉਸ ਦੀ ਤਾਜ਼ਾ ਖੋਜ ਨੇ ਅੰਤਰਰਾਸ਼ਟਰੀ ਰਸਾਲਿਆਂ ਵਿੱਚ ਪ੍ਰਕਾਸ਼ਤ ਕਣਕ ਅਤੇ ਚੌਲਾਂ ਦੀ ਗੁਣਵੱਤਾ 'ਤੇ ਵਾਤਾਵਰਣ ਦੇ ਤਾਪਮਾਨ ਦੇ ਪ੍ਰਭਾਵਾਂ ਨੂੰ ਸਪਸ਼ਟ ਤੌਰ 'ਤੇ ਉਜਾਗਰ ਕੀਤਾ ਹੈ। ਉਨ੍ਹਾਂ ਵਾਤਾਵਰਣ ਵਿੱਚ ਹੋਣ ਵਾਲੀਆਂ ਸੰਭਾਵਿਤ ਤਬਦੀਲੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਬਣਾਈਆਂ ਜਾਣ ਵਾਲੀਆਂ ਰਣਨੀਤੀਆਂ ਨੂੰ ਵੀ ਉਜਾਗਰ ਕੀਤਾ ਹੈ।

## ਮੋਦੀ ਮਾਝੇ, ਮਾਲਵੇ ਅਤੇ ਦੋਆਬੇ ਵਿੱਚ ਇੱਕ-ਇੱਕ ਰੈਲੀ ਕਰਨਗੇ

ਚੰਡੀਗੜ੍ਹ, 10 ਫਰਵਰੀ (ਪੋਸਟ ਬਿਊਰੋ)- ਲੁਧਿਆਣਾ ਤੇ ਫਤਿਹਗੜ੍ਹ ਸਾਹਿਬ ਦੀ ਵਿਧਾਨ ਸਭਾ ਚੋਣ ਦੀ ਵਰਚੁਅਲ ਰੈਲੀ ਦੇ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜਾਬ ਵਿੱਚ ਤਿੰਨ ਰੈਲੀਆਂ ਕਰਨ ਵਾਲੇ ਹਨ। ਇਸ ਸੰਬੰਧ ਵਿੱਚ ਉਨ੍ਹਾਂ ਦੀ ਪਹਿਲੀ ਰੈਲੀ 14 ਫਰਵਰੀ ਨੂੰ ਜਲੰਧਰ ਵਿੱਚ ਹੋਵੇਗੀ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਨ੍ਹਾਂ ਤਿੰਨ ਰੈਲੀਆਂ ਨਾਲ ਪੰਜਾਬ ਦੇ ਤਿੰਨ ਖੇਤਰਾਂ ਦੋਆਬਾ, ਮਾਝਾ ਤੇ ਮਾਲਵਾ ਨੂੰ ਕਵਰ ਕਰਨਗੇ।ਭਾਜਪਾ ਦੇ ਸੂਬਾ ਜਨਰਲ ਸੈਕਟਰੀ ਸੁਭਾਸ਼ ਸ਼ਰਮਾ ਨੇ ਦੱਸਿਆ ਕਿ ਦੂਸਰੀ ਰੈਲੀ 16 ਫਰਵਰੀ ਨੂੰ ਪਠਾਨਕੋਟ ਅਤੇ ਤੀਸਰੀ 17 ਫਰਵਰੀ ਨੂੰ ਅਬੋਹਰ (ਫਾਜ਼ਿਲਕਾ) ਵਿੱਚ ਹੋਵੇਗੀ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਦੀਆਂ ਰੈਲੀਆਂ ਸੂਬੇ ਦਾ ਸਿਆਸੀ ਮਾਹੌਲ ਬਦਲ ਦੇਣਗੀਆਂ। ਇਸ ਤੋਂ ਪਹਿਲਾਂ ਪੰਜ ਜਨਵਰੀ ਨੂੰ ਪ੍ਰਧਾਨ ਮੰਤਰੀ ਦੀ ਫਿਰੋਜ਼ਪੁਰ ਰੈਲੀ ਸੁਰੱਖਿਆ ਕਾਰਨਾਂ ਕਰ ਕੇ ਰੱਦ ਹੋ ਗਈ ਸੀ। ਇਸ ਵਾਰੀ ਉਹ ਮਾਲਵਾ ਦੇ ਅਬੋਹਰ ਵਿੱਚ ਰੈਲੀ ਕਰਨਗੇ। ਇਹ ਸੀਟ ਅਜੇ ਭਾਜਪਾ ਕੋਲ ਹੈ ਅਤੇ ਇਸ ਸੀਟ ਉੱਤੇਪਾਰਲੀਮੈਂਟ ਦੇ ਸਾਬਕਾ ਸਪੀਕਰ ਬਲਰਾਮ ਜਾਖੜ ਦੀ ਤੀਸਰੀ ਪੀੜ੍ਹੀ ਤੋਂ ਸੰਦੀਪ ਜਾਖੜ ਚੋਣ ਲੜ ਰਹੇ ਹਨ।




# ਭਾਜਪਾ ਆਗੂ ਨੇ ਕਿਹਾ, ਔਰਤਾਂ ਦੇ ਕੁਝ ਕੁ ਕੱਪੜਿਆਂ ਕਾਰਨ ਬਲਾਤਕਾਰ ਦੇ ਮਾਮਲੇ ਵਧੇ

ਬੰਗਲੁਰੂ, 10 ਫਰਵਰੀ (ਪੋਸਟ ਬਿਊਰੋ)- ਕਰਨਾਟਕ ਵਿੱਚ ਜਾਰੀ ਹਿਜਾਬ ਵਿਵਾਦ ਦੇ ਦੌਰਾਨ ਇਸ ਰਾਜ ਦੇ ਭਾਜਪਾ ਵਿਧਾਇਕ ਐਮ ਪੀ ਰੇਣੂਕਾਚਾਰਿਆ ਨੇ ਕੱਲ੍ਹ ਦਾਅਵਾ ਕੀਤਾ ਕਿ ਬਲਾਤਕਾਰ ਦੇ ਕੇਸ ਇਸ ਲਈ ਵਧ ਗਏ ਹਨ ਕਿ ਮਹਿਲਾਵਾਂ ਵੱਲੋਂ ਪਹਿਨੇ ਜਾਣ ਵਾਲੇ ਕੁਝ ਕੱਪੜੇ ਪੁਰਸ਼ਾਂ ਨੂੰ 'ਉਕਸਾਉਂਦੇ' ਹਨ। ਜਦੋਂ ਵਿਧਾਇਕ ਨੂੰ ਮਹਿਸੂਸ ਹੋਇਆ ਕਿ ਉਸ ਦੇ ਬਿਆਨ ਕਾਰਨ ਵਿਵਾਦ ਪੈਦਾ ਹੋ ਸਕਦਾ ਹੈ ਤਾਂ ਉਸ ਨੇ ਬਾਅਦ ਵਿੱਚ ਕਿਹਾ ਕਿ ਉਸ ਦੇ ਬਿਆਨ ਨਾਲ ਮਹਿਲਾਵਾਂ ਨੂੰ ਠੇਸ ਪਹੁੰਚੀ ਹੋਵੇ ਤਾਂ ਉਹ ਉਨ੍ਹਾਂ ਤੋਂ ਮਾਫ਼ੀ ਮੰਗ ਲੈਣਗੇ।

ਹੋਨਾਲੀ ਤੋਂ ਵਿਧਾਇਕ ਰੇਣੂਕ-ਾਚਾਰਿਆ ਨੇ ਇਹ ਬਿਆਨ ਹਿਜਾਬ ਵਿਵਾਦ ਦੇ ਬਾਰੇ ਕਾਂਗਰਸ ਆਗੂ ਪ੍ਰਿਅੰਕਾ ਗਾਂਧੀ ਵਾਡਰਾ ਦੇ ਟਵੀਟ ਦੇ ਬਾਅਦ ਦਿੱਤਾ।ਪ੍ਰਿਅੰਕਾ ਨੇ ਟਵੀਟ ਕੀਤਾ ਸੀ, ''ਭਾਵੇਂ ਉਹ ਬਿਕਨੀ ਹੋਵੇ, ਪਰਦਾ ਹੋਵੇ, ਜੀਨਸ ਜਾਂ ਹਿਜਾਬ ਹੋਵੇ, ਇਹ ਫ਼ੈਸਲਾ ਕਰਨ ਦਾ ਅਧਿਕਾਰ ਮਹਿਲਾਵਾਂ ਨੂੰ ਹੈ ਕਿ ਉਨ੍ਹਾਂ ਨੇ ਕੀ ਪਹਿਨਣਾ ਹੈ।ਇਸ ਅਧਿਕਾਰ ਦੀ ਗਾਰੰਟੀ ਭਾਰਤੀ ਸੰਵਿਧਾਨ ਨੇ ਦਿੱਤੀ ਹੈ। ਮਹਿਲਾਵਾਂ ਦਾ ਸ਼ੋਸ਼ਣ ਬੰਦ ਕਰੋ।''

ਇਸ ਉੱਤੇ ਭਾਜਪਾ ਵਿਧਾਇਕ ਨੇ ਕਿਹਾ,''ਪ੍ਰਿਅੰਕਾ ਗਾਂਧੀ ਮਹਿਲਾ ਹੈ, ਕਾਂਗਰਸ ਆਗੂ ਹੈ, ਅਸੀਂ ਮਹਿਲਾਵਾਂ ਦੇ ਮੌਲਿਕ ਅਧਿਕਾਰਾਂ ਉੱਤੇ ਸਵਾਲ ਨਹੀਂ ਚੁੱਕਦੇ। ਉਨ੍ਹਾਂ ਕਿਹਾ,''ਕੇਰਲ ਅਤੇ ਮੁੰਬਈ ਹਾਈ ਕੋਰਟ ਨੇ ਕਿਹਾ ਹੈ ਕਿ ਸਕੂਲ ਤੇ ਕਾਲਜ ਵਿੱਚ ਡ੍ਰੈਸ ਲਾਜ਼ਮੀ ਹੈ, ਸਰਕਾਰ ਨੇ ਵੀ ਇਹੀ ਕਿਹਾ ਹੈ। ਵਿਦਿਆਰਥਣਾਂ ਲਈ ਬਿਕਨੀ ਸ਼ਬਦ ਦੀ ਵਰਤੋਂ ਤੋਂ ਪਰਹੇਜ ਕੀਤਾ ਜਾਣਾ ਚਾਹੀਦਾ।''ਨਵੀਂ ਦਿੱਲੀ ਵਿੱਚ



ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਭਾਜਪਾ ਵਿਧਾਇਕ ਨੇ ਕਿਹਾ,''ਕਾਲਜ ਵਿੱਚ ਪੜ੍ਹਨ ਵੇਲੇ ਵਿਦਿਆਰਥਣਾਂ ਨੂੰ ਅਜਿਹੇ ਕੱਪੜੇ ਪਹਿਨਣੇ ਚਾਹੀਦੇ ਹਨ ਕਿ ਪੂਰਾ ਸਰੀਰ ਢੱਕਿਆ ਰਹੇ। ਬਲਾਤਕਾਰ ਦੇ ਕੇਸ ਇਸ ਲਈ ਵੱਧ ਰਹੇ ਹਨ ਕਿ ਮਹਿਲਾਵਾਂ ਦੁਆਰਾ ਪਹਿਨੇ ਜਾਣ ਵਾਲੇ ਕੁਝ ਕੱਪੜੇ ਪੁਰਸ਼ਾਂ ਨੂੰ 'ਉਕਸਾਉਂਦੇ' ਹਨ, ਜੋ ਚੰਗੀ ਗੱਲ ਨਹੀਂ, ਸਾਡੇ ਦੇਸ਼ ਵਿੱਚ ਮਹਿਲਾਵਾਂ ਦੀ ਇੱਜ਼ਤ ਹੈ। ਉਨ੍ਹਾਂ ਨੇ ਪ੍ਰਿਅੰਕਾ ਤੋਂ ਆਪਣਾ ਬਿਆਨ ਵਾਪਸ ਲੈਣ ਅਤੇ ਵਿਦਿਆਰਥਣਾਂ ਤੇ ਮਹਿਲਾਵਾਂ ਤੋਂ ਮੁਆਫ਼ੀ ਮੰਗਣ ਦੀ ਮੰਗ ਕੀਤੀ।

# ਹਾਕੀ ਦੀ ਚੌਧਰ, ਬੱਤਰਾ-ਮਹਿਤਾ ਵਿਚਾਲੇ ਅਧਿਕਾਰਤ ਈ-ਮੇਲ ਉਤੇ ਸ਼ਬਦੀ ਜੰਗ

ਨਵੀਂ ਦਿੱਲੀ, 10 ਫਰਵਰੀ (ਪੋਸਟ ਬਿਊਰੋ)- ਭਾਰਤੀ ਓਲੰਪਿਕ ਐਸੋਸੀਏਸ਼ਨ (ਆਈ ਓ ਏ) ਦੇ ਪ੍ਰਧਾਨ ਨਰਿੰਦਰ ਬੱਤਰਾ ਤੇ ਜਨਰਲ ਸੈਕਟਰੀ ਰਾਜੀਵ ਮਹਿਤਾ ਵਿਚਾਲੇ ਅਧਿਕਾਰਤ ਈ-ਮੇਲ ਆਈ ਡੀ ਅਤੇ ਵੈਬਸਾਈਟ ਦੀ ਵਰਤੋਂ ਬਾਰੇ ਕੱਲ੍ਹ ਸ਼ਬਦੀ ਜੰਗ ਛਿੜ ਗਈ। ਦੋਵਾਂ ਵਿਚ ਪਹਿਲਾਂ ਵੀ ਕਈ ਮੁੱਦਿਆਂ ਬਾਰੇ ਵਿਵਾਦ ਰਿਹਾ ਹੈ।

ਨਰਿੰਦਰ ਬੱਤਰਾ ਨੇ ਕੱਲ੍ਹ ਕਿਹਾ ਕਿ ਉਨ੍ਹਾਂ ਨੂੰ ਆਈ ਓ ਏ ਦੀ ਅਧਿਕਾਰਤ ਈ-ਮੇਲ ਆਈ ਡੀ ਅਤੇ ਇਸ ਦੀ ਵੈਬਸਾਈਟ ਨੂੰ ਬਦਲਣ ਲਈ 31 ਐਗਜ਼ੈਕਟਿਵ ਕੌਂਸਲ (ਈ ਸੀ) ਮੈਂਬਰਾਂ ਵਿੱਚੋਂ ਜ਼ਿਆਦਾਤਰ ਦੀ ਮਨਜ਼ੂਰੀ ਮਿਲ ਗਈ ਹੈ।ਇਸ ਦੇ ਕੁਝ ਘੰਟਿਆਂ



ਬਾਅਦ ਰਾਜੀਵ ਮਹਿਤਾ ਨੇ ਇਹ ਕਹਿ ਕੇ ਪਲਟਵਾਂ ਵਾਰ ਕੀਤਾ ਕਿ ਪ੍ਰਸਤਾਵ ਗੈਰ ਕਾਨੂੰਨੀ ਸੀ, ਕਿਉਂਕਿ ਈ ਸੀ ਦਾ ਕਾਰਜਕਾਲ 14 ਦਸੰਬਰ 2021 ਨੂੰ ਪਹਿਲਾਂ ਖਤਮ ਹੋ ਚੁੱਕਾ ਹੈ। ਉਨ੍ਹਾਂ ਇੱਥੋਂ ਤਕ ਕਿਹਾ ਕਿ ਬੱਤਰਾ ਦਾ ਕੰਮ ਸੂਚਨਾ ਤੇ ਤਕਨੀਕੀ ਐਕਟ 2000 ਅਤੇ ਭਾਰਤੀ ਦੰਡਾਵਲੀ ਹੇਠ ਸਜ਼ਾਯੋਗ ਅਪਰਾਧ ਦੀ ਸ਼੍ਰੇਣੀ ਵਿੱਚ ਆਉਂਦਾ ਹੈ। ਉਨ੍ਹਾਂ ਕਿਹਾ, ''ਤੁਹਾਡੀ ਯੋਜਨਾ, ਪ੍ਰਸਤਾਵ ਆਈ ਓ ਏ ਦੀ ਚੋਣ ਤੋਂ ਪਹਿਲਾਂ ਆਪਣੇ ਲਾਭ ਲਈ ਡਾਟਾ, ਸੂਚਨਾ ਵਿੱਚ ਹੇਰਾਫੇਰੀ ਕਰਨ ਲਈ ਪੂਰੀ ਪ੍ਰਣਾਲੀ ਨੂੰ ਹਾਈਜੈਕ ਕਰਨ ਦੀ ਕੋਸ਼ਿਸ਼ ਹੈ। ਇਹੋ ਜਿਹੇ ਕਿਸੇ ਵੀ ਪ੍ਰਸਤਾਵ ਨੂੰ ਕਿਵੇਂ ਪਾਸ ਕੀਤਾ ਜਾ ਸਕਦਾ ਹੈ, ਜਦ ਈ ਸੀ ਦਾ ਕਾਰ-ਜਕਾਲ 14 ਦਸੰਬਰ 2021 ਨੂੰ ਪਹਿਲਾਂ ਹੀ ਖਤਮ ਹੋ ਚੁੱਕਾ ਹੈ। ਜਦ ਕੋਈ ਹੈ ਹੀ ਨਹੀਂ ਤਾਂ ਪ੍ਰਸਤਾਵ ਕਿਵੇਂ ਪਾਸ ਹੋ ਸਕਦਾ ਹੈ।''

ਇਸ ਤੋਂ ਪਹਿਲਾਂ ਨਰਿੰਦਰ ਬੱਤਰਾ ਨੇ ਦਵਾਰਕਾ ਵਿੱਚ ਦਿੱਲੀ ਪੁਲਸ ਦੇ ਸਾਈਬਰ ਸੈਲ ਵਿੱਚ ਸ਼ਿਕਾਇਤ ਦਰਜ ਕਰਵਾਈ ਕਿ ਕੋਈ ਉਨ੍ਹਾਂ ਦੇ ਨਾਂਅ ਦਾ ਗਲਤ ਇਸਤੇਮਾਲ ਕਰ ਰਿਹਾ ਹੈ ਅਤੇ ਈ-ਮੇਲ ਭੇਜ ਰਿਹਾ ਹੈ।

# ਹਰਿਆਣਾ ਕੈਬਨਿਟ ਵੱਲੋਂ ਧਰਮ ਤਬਦੀਲੀ ਰੋਕਥਾਮ ਬਿੱਲ ਮਨਜ਼ੂਰ

ਚੰਡੀਗੜ੍ਹ, 10 ਫਰਵਰੀ (ਪੋਸਟ ਬਿਊਰੋ)- ਹਰਿਆਣਾ ਵਿਧਾਨ ਸਭਾ ਦਾਬਜਟ ਸੈਸ਼ਨ ਦੋ ਮਾਰਚ ਤੋਂ ਸ਼ੁਰੂ ਹੋਵੇਗਾ ਅਤੇ ਇਹ ਫੈਸਲਾ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੀ ਅਗਵਾਈ ਹੇਠ ਹੋਈ ਕੈਬਨਿਟ ਮੀਟਿੰਗ ਨੇ ਕੀਤਾ ਨੇ। ਇਹ ਬਜਟ ਸੈਸ਼ਨ ਕਿੰਨੇ ਦਿਨ ਦਾ ਹੋਵੇਗਾ, ਉਸ ਬਾਰੇ ਫੈਸਲਾ ਬਿਜ਼ਨਸ ਐਡਵਾਇਜ਼ਰੀ ਕਮੇਟੀ ਦੀ ਮੀਟਿੰਗ ਵਿੱਚ ਹੋਵੇਗਾ। ਇਸ ਬਜਟ ਸੈਸ਼ਨ ਵਿੱਚ ਕਈ ਬਿੱਲ ਪੇਸ਼ ਕੀਤੇ ਜਾਣਗੇ। ਹਰਿਆਣਾ ਕੈਬਨਿਟ ਦੀ ਮੀਟਿੰਗ ਵਿੱਚ 28 ਮਤੇ ਰੱਖੇ ਗਏ ਹਨ ਜਿਨ੍ਹਾਂ ਵਿੱਚੋਂ ਜ਼ਿਆਦਾਤਰ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ।



ਮਿਲੀ ਜਾਣਕਾਰੀ ਅਨੁਸਾਰ ਹਰਿਆਣਾ ਸਰਕਾਰ ਵੱਲੋਂ ਸੂਬੇ ਵਿੱਚ ਧਰਮ ਤਬਦੀਲੀ ਰੋਕਥਾਮ ਕਾਨੂੰਨ ਬਣਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਬਿੱਲ ਨੂੰ ਕੈਬਨਿਟ ਨੇ ਮਨਜ਼ੂਰ ਕਰ ਦਿੱਤਾ ਹੈ ਅਤੇ ਇਹ ਬਜਟ ਸੈਸ਼ਨ ਦੌਰਾਨ ਪੇਸ਼ ਕੀਤਾ ਜਾਵੇਗਾ। ਵਿਧਾਨ ਸਭਾ ਦੀ ਮਨਜ਼ੂਰੀ ਪਿੱਛੋਂਇਸ ਕਾਨੂੰਨ ਨੂੰ ਆਖਰੀ ਰੂਪ ਮਿਲੇਗਾ। ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਕਿ ਧਰਮ ਬਦਲੇ ਬਿਨਾਂ ਕੋਈ ਵੀ ਵਿਆਹ ਕਰ ਸਕਦਾ ਹੈ, ਉਸ ਉੱਤੇ ਕੋਈ ਰੋਕ ਨਹੀਂ, ਪਰ ਜੇ ਕੋਈ ਪੈਸੇ ਦੇ ਲਾਲਚ ਵਿੱਚ ਜਬਰਨ ਕਿਸੇ ਦਾ ਧਰਮ ਬਦਲੀ ਕਰਵਾ ਤਾਂ ਉਸ ਉੱਤੇ ਕਾਰਵਾਈ ਹੋਵੇਗੀ।

ਉਨ੍ਹਾਂ ਨੇ ਦੱਸਿਆ ਕਿ ਸੂਬੇ ਵਿੱਚ ਗਰੁੱਪ ਸੀ ਅਤੇ ਡੀ ਦੇ ਅਹੁਦਿਆਂ ਉੱਤੇ ਜਲਦੀ ਭਰਤੀ ਕੀਤੀ ਜਾਵੇਗੀ ਅਤੇ ਸਾਰੇ ਵਿਭਾਗਾਂ ਤੋਂ 11 ਫਰਵਰੀ ਤਕ ਗਰੁੱਪ ਸੀ ਅਤੇ ਡੀ ਦੇ ਵੇਰਵੇ ਮੰਗੇ ਹਨ।ਖੱਟਰ ਨੇ ਕਿਹਾ ਕਿ ਨਿੱਜੀ ਖੇਤਰ ਵਿੱਚ 75 ਫੀਸਦੀ ਨੌਕਰੀਆਂ ਵਿੱਚ ਰਾਖਵਾਂਕਰਨ ਦੇਣ ਬਾਰੇ ਸੁਪਰੀਮ ਕੋਰਟ ਤਕ ਲੜਾਈ ਲੜੀ ਜਾਵੇਗੀ। ਹਰਿਆਣਾ ਹਾਈ ਕੋਰਟ ਦੇ ਫੈਸਲੇ ਖਿਲਾਫ ਸੁਪਰੀਮ ਕੋਰਟ ਵਿੱਚ ਅਪੀਲ ਹੋਈ ਹੈ ਜਿਸ ਦੀ ਸੁਣਵਾਈ 11 ਫਰਵਰੀ ਨੂੰ ਹੋਵੇਗੀ।

# ਭਾਰਤ ਵਿੱਚ ਮੁਸਲਮਾਨਾਂ ਖਿਲਾਫ ਨਫਰਤ ਆਮ ਗੱਲ: ਉਮਰ ਅਬਦੁੱਲਾ

ਸ੍ਰੀਨਗਰ, 10 ਫਰਵਰੀ (ਪੋਸਟ ਬਿਊਰੋ)- ਨੈਸ਼ਨਲ ਕਾਨਫਰੰਸ ਦੇ ਆਗੂ ਉਮਰ ਅਬਦੁੱਲਾ ਨੇ ਕਰਨ-ਾਟਕ ਦੇ ਕਾਲਜਾਂ ਵਿੱਚ ਹਿਜਾਬ ਬਨਾਮ ਭਗਵਾ ਸ਼ਾਲ ਦਾ ਵਿਵਾਦ ਭਖਣ ਦੇ ਹਵਾਲੇ ਨਾਲ ਕੱਲ੍ਹ ਕਿਹਾ ਕਿ ਦੇਸ਼ ਵਿੱਚ ਮੁਸਲਮਾਨਾਂ ਖਿਲਾਫ ਨਫਰਤ ਆਮ ਗੱਲ ਹੋ ਗਈ ਹੈ ਤੇ ਭਾਰਤ ਵਿੱਚ ਧਾਰਮਿਕ ਇਕਸੁਰਤਾ ਨਜ਼ਰ ਨਹੀਂ ਆਉਂਦੀ।



ਉਮਰ ਅਬਦੁੱਲਾ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਈ ਇੱਕ ਵੀਡੀਓ ਉੱਤੇ ਟਿੱਪਣੀ ਕਰ ਰਹੇ ਸਨ, ਜਿਸ ਵਿੱਚ ਕਰਨਾਟਕ ਦੇ ਇੱਕ ਕਾਲਜ ਵਿੱਚ ਕੁਝ ਵਿਅਕਤੀ ਹਿਜਾਬ ਪਾਈ ਇੱਕ ਔਰਤ ਉੱਤੇਟਿਪਣੀਆਂ ਕਰਦੇ ਨਾਅਰੇ ਲਾ ਰਹੇ ਸਨ।ਉਮਰ ਨੇ ਇੱਕ ਟਵੀਟ ਵਿੱਚ ਉਪਰੋਕਤ ਵੀਡੀਓ ਟੈਗ ਕਰ ਕੇ ਕਿਹਾ, ''ਇਹ ਵਿਅਕਤੀ ਕਿੰਨੇ ਦਲੇਰ ਹਨ, ਉਹ ਇੱਕ ਇਕੱਲੀ ਮੁਟਿਆਰ ਨੂੰ ਨਿਸ਼ਾਨਾਬਣਾ ਕੇ ਕਿੰਨੀ ਮਰਦਾਨਗੀ ਮਹਿਸੂਸ ਕਰ ਰਹੇ ਹੋਣਗੇ। ਅੱਜ ਭਾਰਤ ਵਿੱਚ ਮੁਸਲਮਾਨਾਂ ਖਿਲਾਫ ਨਫਰਤ ਮੁਕੰਮਲ ਰੂਪ ਵਿੱਚ ਮੁੱਖਧਾਰਾ ਦਾ ਹਿੱਸਾ ਹੋਣਾ ਆਮ ਗੱਲ ਹੈ। ਅਸੀਂ ਉਹ ਮੁਲਕ ਨਹੀਂ ਰਹਿ ਰਹੇ, ਜੋ ਧਾਰਮਿਕ ਇਕਸੁਰਤਾ ਦਾ ਜਸ਼ਨ ਮਨਾਉਂਦਾ ਨਹੀਂ ਥੱਕਦਾ ਸੀ, ਅਸੀਂ ਲੋਕਾਂ ਨੂੰ ਇਸ ਲਈ ਸਜ਼ਾ ਦੇਣਾ ਚਾਹੁੰਦੇ ਹਾਂ ਤੇ ਉਨ੍ਹਾਂ ਨੂੰ ਇਸ ਤੋਂ ਲਾਂਭੇ ਰੱਖਿਆ ਜਾ ਰਿਹੈ।'

ਵਰਨਣ ਯੋਗ ਹੈ ਕਿ ਕਰਨ-ਾਟਕ ਦੇ ਉਡੂਪੀ ਸ਼ਿਵਾਮੋਗਾ, ਬਾਗਲਕੋਟ ਤੇ ਹੋਰਨਾਂ ਹਿੱਸਿਆਂ ਵਿੱਚ ਹਿਜਾਬ ਮਸਲੇ ਨੂੰ ਲੈ ਕੇ ਸਿੱਖਿਆ ਸੰਸਥਾਵਾਂ ਵਿੱਚ ਤਣਾਅ ਵਾਲਾ ਮਾਹੌਲ ਬਣਿਆ ਹੋਇਆ ਹੈ। ਪਿਛਲੇ ਮਹੀਨੇ ਉਡੂਪੀ ਦੇ ਸਰਕਾਰੀ ਕਾਲਜ ਵਿੱਚ ਪੜ੍ਹਦੀਆਂ ਛੇ ਵਿਦਿਆਰਥਣਾ ਨੂੰ ਕੈਂਪਸ ਵਿੱਚ ਹਿਜਾਬ ਪਾ ਕੇ ਆਉਣ ਤੋਂ ਰੋਕਣ ਨਾਲ ਇਹ ਮੁੱਦਾ ਸ਼ੁਰੂ ਹੋਇਆ ਸੀ ਤੇ ਮਗਰੋਂ ਇਹ ਰਾਜ ਦੇ ਹੋਰਨਾਂ ਹਿੱਸਿਆਂ ਵਿੱਚ ਫੈਲ ਗਿਆ। ਸੱਤਾਧਾਰੀ ਭਾਜਪਾ ਵੱਲੋਂ ਇਕਸਾਰ ਨਿਯਮ ਦੀ ਹਮਾਇਤ ਕੀਤੇ ਜਾਣ ਨਾਲ ਇਸ ਘਟਨਾ ਨੇ ਸਿਆਸੀ ਰੰਗਤ ਲੈ ਲਈ ਹੈ।

## ਭਾਰਤ ਦੀਆਂ ਹਾਈ ਕੋਰਟਾਂ ਵਿੱਚੋਂ ਪੰਜਾਂ ਵਿੱਚ ਮਹਿਲਾ ਜੱਜ ਹੀ ਨਹੀਂ

ਨਵੀਂ ਦਿੱਲੀ, 10 ਫਰਵਰੀ (ਪੋਸਟ ਬਿਊਰੋ)- ਪਾਰਲੀਮੈਂਟ ਤੋਂ ਲੈ ਕੇ ਪੰਚਾਇਤ ਤਕ ਔਰਤਾਂ ਨੂੰ ਮਰਦਾਂ ਦੇ ਬਰਾਬਰ ਲਿਆਉਣ ਦੀ ਗੱਲ ਹੁੰਦੀ ਹੈ, ਪ੍ਰੰਤੂ ਦੇਸ਼ ਦੀ ਨਿਆਂ ਪਾਲਿਕਾ ਦੇ ਬਾਰੇ ਹੈਰਾਨੀ ਵਾਲੇ ਤੱਥ ਪਤਾ ਲੱਗੇ ਹਨ।

ਭਾਰਤ ਦੀ ਸੁਪਰੀਮ ਕੋਰਟ ਤੋਂ ਲੈ ਕੇ ਸਾਰੀਆਂ ਹਾਈ ਕੋਰਟਾਂ ਵਿੱਚ ਮਹਿਲਾ ਜੱਜਾਂ 10 ਫੀਸਦੀ ਵੀ ਨਹੀਂ। ਇਸ ਬਾਰੇ ਪਾਰਲੀਮੈਂਟ ਨੂੰ ਦਿੱਤੀ ਜਾਣਕਾਰੀ ਅਨੁਸਾਰ ਸਾਰੇ ਦੇਸ਼ ਵਿੱਚ ਸੁਪਰੀਮ ਕੋਰਟ ਅਤੇ 25 ਹਾਈ ਕੋਰਟਾਂ ਵਿੱਚ ਮਹਿਲਾ ਜੱਜਾਂ ਦੀ ਗਿਣਤੀ 8.9 ਫੀਸਦੀ ਹੈ। ਸੁਪਰੀਮ ਕੋਰਟ ਵਿੱਚ ਜੱਜਾਂ ਦੀ ਮਨਜ਼ੂਰ ਗਿਣਤੀ ਵਿੱਚ 11.7 ਫੀਸਦੀ ਹੀ ਔਰਤਾਂ ਹਨ।ਹਾਈ ਕੋਰਟਾਂ ਵਿੱਚ ਸਥਿਤੀ ਹੋਰ ਖਰਾਬ ਹੈ। ਕਾਨੂੰਨ ਮੰਤਰਾਲੇ ਦੇ ਅਨੁਸਾਰ 25 ਹਾਈ ਕੋਰਟਾਂ ਵਿੱਚ 1098 ਜੱਜਾਂ ਦੀ ਕੁੱਲ ਗਿਣਤੀ ਵਿੱਚ 83 ਮਹਿਲਾ ਜੱਜ ਹਨ, ਜੋ ਸਿਰਫ 7.5 ਫੀਸਦੀ ਬਣਦੀਆਂ ਹਨ। ਹਾਲਤ ਇਹ ਹੈ ਕਿ ਚਾਰ ਹਾਈ ਕੋਰਟਾਂ ਵਿੱਚ ਇੱਕ ਵੀ ਮਹਿਲਾ ਜੱਜ ਨਹੀਂ, ਛੇ ਹਾਈ ਕੋਰਟਾਂ ਵਿੱਚ ਸਿਰਫ ਇੱਕ-ਇੱਕ ਮਹਿਲਾ ਜੱਜ ਹਨ। ਸਭ ਤੋਂ ਵੱਧ ਮਦਰਾਸ ਹਾਈ ਕੋਰਟ ਵਿੱਚ 75 ਵਿੱਚੋਂ 13 ਮਹਿਲਾ ਜੱਜ ਹਨ। ਇਲਾਹਾਬਾਦ ਹਾਈ ਕੋਰਟ ਵਿੱਚ 160 ਤੈਅ ਗਿਣਤੀ ਵਿੱਚ ਮਸਾਂ ਪੰਜ ਔਰਤਾਂ ਹਨ।

# ਲੜੀਵਾਰ ਧਮਾਕਿਆਂ ਦੇ ਕੇਸ ਵਿੱਚ 49 ਲੋਕ ਦੋਸ਼ੀ ਕਰਾਰ, 28 ਬਰੀ

ਅਹਿਮਦਾਬਾਦ, 10 ਫਰਵਰੀ (ਪੋਸਟ ਬਿਊਰੋ)- ਸਾਲ 2008 ਵਿੱਚ ਗੁਜਰਾਤ ਦੇ ਅਹਿਮਦਾਬਾਦ ਵਿਖੇ ਹੋਏ ਲੜੀਵਾਰ ਬੰਬ ਧਮਾਕਿਆਂ ਬਾਰੇ ਇੱਥੋਂ ਦੀ ਵਿਸ਼ੇਸ਼ ਅਦਾਲਤ ਨੇ ਕੱਲ੍ਹ 49 ਜਣਿਆਂ ਨੂੰ ਦੋਸ਼ੀ ਕਰਾਰ ਦਿੱਤਾ। ਇਨ੍ਹਾਂ ਧਮਾਕਿਆਂ ਵਿੱਚ 56 ਵਿਅਕਤੀ ਮਾਰੇ ਗਏ ਅਤੇ 200 ਤੋਂ ਵਧ ਜ਼ਖ਼ਮੀ ਹੋਏ ਸਨ।

ਜੱਜ ਏ ਆਰ ਪਟੇਲ ਨੇ ਗੁਜਰ-ਾਤ ਦੇ ਸਭ ਤੋਂ ਵੱਡੇ ਇਸ ਸ਼ਹਿਰ ਵਿੱਚ ਹੋਏ 21 ਲੜੀਵਾਰ ਧਮਾਕਿਆਂ ਦੇ ਦੋਸ਼ੀ 28 ਜਣਿਆਂ ਨੂੰ ਸ਼ੱਕ ਦਾ ਲਾਭ ਦਿੰਦੇ ਹੋਏ ਬਰੀ ਕਰ ਦਿੱਤਾ ਅਤੇ ਜਿਨ੍ਹਾਂ ਲੋਕਾ ਨੂੰ ਦੋਸ਼ੀ ਕਰਾਰ ਦਿੱਤਾ ਹੈ, ਉਨ੍ਹਾਂ ਵਿੱਚ ਸਫਦਰ ਨਾਗਰੀ, ਜਾਵੇਦ ਅਹਿਮਦ ਤੇ ਅਤੀਕੁਰ ਰਹਿਮਾਨ ਸ਼ਾਮਲ ਹਨ। ਹੇਠਲੀ ਅਦਾਲਤ ਨੇ ਧਮਾਕਿਆਂ ਦੇ ਲੱਗਭਗ 13 ਸਾਲ ਬਾਅਦ ਇਹ ਫੈਸਲਾ ਸੁਣਾਇਆ ਹੈ।



ਇਸ ਕੇਸ ਵਿੱਚ ਕੁਲ 77 ਮੁਲਜ਼ਮਾਂ ਵਿਰੁੱਧ ਸੁਣਵਾਈ ਪਿਛਲੇ ਸਾਲ ਸਤੰਬਰ ਵਿੱਚ ਮੁਕੰਮਲ ਹੋ ਗਈ ਸੀ।ਸਰਕਾਰੀ ਵਕੀਲ ਅਮਿਤ ਪਟੇਲ ਨੇ ਦੱਸਿਆ ਕਿ ਅਦਾਲਤ ਨੇ 49 ਮੁਲਜ਼ਮਾਂ ਨੂੰ ਗੈਰ-ਕਾਨੂੰਨੀ ਸਰਗਰਮੀਆਂ ਰੋਕੂ ਐਕਟ ਦੀ ਧਾਰਾ 16, ਜੋ ਅੱਤਵਾਦ ਨਾਲ ਜੁੜੀ ਹੈ, ਅਧੀਨ ਦੋਸ਼ੀ ਕਰਾਰ ਦਿੱਤਾ ਹੈ। ਇਸਤਗਾਸਾ ਪੱਖ ਨੇ ਜ਼ੋਰ ਦਿੱਤਾ ਕਿ ਇਹ ਅੱਤਵਾਦੀ ਘਟਨਾ ਹੈ। ਅਦਾਲਤ ਵਿੱਚ ਮਾਮਲੇ ਦੀ ਸੁਣਵਾਈ ਦੌਰਾਨ 547 ਦੋਸ਼ਪੱਤਰ ਦਾਖਲ ਕੀਤੇ ਗਏ ਅਤੇ 1163 ਗਵਾਹਾਂ ਨੂੰ ਪੇਸ਼ ਕੀਤਾ ਗਿਆ। ਅਦਾਲਤੀ ਕਾਰਵਾਈ ਦੌਰਾਨ ਮੁਲਜ਼ਮਾਂ ਨੂੰ ਵੱਖ-ਵੱਖ ਜੇਲ੍ਹਾਂ ਤੋਂ ਵੀਡੀਓ ਕਾਨਫ਼ਰੰਸਿੰਗ ਰਾਹੀਂ ਪੇਸ਼ ਕੀਤਾ ਗਿਆ। ਵਿਸ਼ੇਸ਼ ਸਰਕਾਰੀ ਵਕੀਲ ਨੇ ਦੱਸਿਆ ਕਿ ਸਜ਼ਾ ਉੱਤੇ ਸੁਣਵਾਈ ਦੌਰਾਨ ਵੀ ਮੁਲਜ਼ਮ ਵੀਡੀਓ ਕਾਨਫ਼ਰੰਸਿੰਗ ਰਾਹੀਂ ਅਦਾਲਤ ਦੀ ਕਾਰਵਾਈ ਵਿੱਚ ਸ਼ਾਮਲ ਹੋਣਗੇ।

ਅਹਿਮਦਾਬਾਦ ਵਿੱਚ ਹੋਏ ਉਕਤ ਧਮਾਕਿਆਂ ਦੀ ਤਾਰ ਹਿਜਬੁਲ ਮੁਜਾਹਿਦੀਨ ਨਾਲ ਜੁੜੀ ਹੋਈ ਸੀ। ਦਸੰਬਰ 2009 ਵਿੱਚ 78 ਵਿਅਕਤੀਆਂ ਵਿਰੁੱਧ ਸੁਣਵਾਈ ਸ਼ੁਰੂ ਹੋਈ ਸੀ। ਬਾਅਦ ਵਿੱਚ ਇੱਕ ਮੁਲਜ਼ਮ ਦੇ ਸਰਕਾਰੀ ਗਵਾਹ ਬਣ ਜਾਣ ਪਿੱਛੋਂ ਕੁਲ ਮੁਲਜ਼ਮਾਂ ਦੀ ਗਿਣਤੀ 77 ਰਹਿ ਗਈ ਸੀ। ਚਾਰ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਬਾਅਦ ਵਿੱਚ ਹੋਈ ਸੀ। ਉਨ੍ਹਾਂ ਦੇ ਮਾਮਲਿਆਂ ਦੀ ਸੁਣਵਾਈ ਅਜੇ ਮੁਕੰਮਲ ਹੋਣੀ ਬਾਕੀ ਹੈ।

## ਮੇਘਾਲਿਆ ਵਿੱਚ ਕਾਂਗਰਸ ਦੇ 5 ਵਿਧਾਇਕ ਭਾਜਪਾ ਗਠਜੋੜ ਦੇ ਨਾਲ ਜਾ ਰਲੇ

ਨਵੀਂ ਦਿੱਲੀ, 10 ਫਰਵਰੀ (ਪੋਸਟ ਬਿਊਰੋ)- ਮੇਘਾਲਿਆ ਵਿੱਚ ਕਾਂਗਰਸ ਦੇ ਪੰਜ ਵਿਧਾਇਕ ਕੱਲ੍ਹ ਭਾਜਪਾ ਹਮਾਇਤੀ ਸੱਤਾਧਾਰੀ ਮੇਘਾਲਿਆ ਜਨਤਾਂਤਰਿਕ ਗਠਜੋੜ (ਐਮ ਡੀ ਏ) ਵਿੱਚ ਸ਼ਾਮਲ ਹੋ ਗਏ।

ਪਿਛਲੇ ਸਾਲ ਸਾਬਕਾ ਮੁੱਖ ਮੰਤਰੀ ਮੁਕੁਲ ਸੰਗਮਾ ਸਮੇਤ 12 ਵਿਧਾਇਕ ਕਾਂਗਰਸ ਛੱਡ ਕੇ ਤ੍ਰਿਣਮੂਲ ਕਾਂਗਰਸ ਵਿੱਚ ਸ਼ਾਮਲ ਹੋ ਗਏ ਸਨ। ਕਾਂਗਰਸ ਵਿਧਾਇਕ ਦਲ (ਸੀ ਐਲ ਪੀ) ਨੇ ਰਸਮੀ ਤੌਰ ਉੱਤੇ ਮੁੱਖ ਮੰਤਰੀ ਕੋਨਰਾਡ ਕੇ ਸੰਗਮਾ ਨੂੰ ਸਮਰਥਨ ਦਾ ਇੱਕ ਪੱਤਰ ਦਿੱਤਾ ਹੈ, ਜਿਸ ਵਿੱਚ ਕਾਂਗਰਸ ਵਿਧਾਇਕ ਦਲ ਦੇ ਨੇਤਾ ਅਮਪਰੀਨ ਲਿੰਗਦੋਹ, ਵਿਧਾਇਕ ਪੀ ਟੀ ਸਾਕਮੀ, ਮਾਯਰਲਬੋਰਨ ਸਿਏਮ, ਕੇ ਐਸ ਮਾਰਬਾਨਿਯਾਂਗ ਅਤੇ ਮੋਹੇਂਦਰੋ ਰਾਪਸਾਂਗ ਨੇ ਦਸਤਖਤ ਕੀਤੇ ਹਨ। ਪੱਤਰ ਦੀ ਇੱਕ ਕਾਪੀ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਵੀ ਭੇਜੀ ਗਈ ਹੈ।

ਦੂਜੇ ਪਾਸੇ ਭਾਜਪਾ ਤੋਂ ਅਸਤੀਫ਼ਾ ਦੇ ਚੁੱਕੇ ਤ੍ਰਿਪੁਰਾ ਦੇ ਦੋ ਸੀਨੀਅਰ ਨੇਤਾ ਸੁਦੀਪ ਰਾਏ ਬਰਮਨ ਤੇ ਆਸ਼ੀਸ਼ ਸਾਹਾ ਕੱਲ੍ਹ ਕਾਂਗਰਸ ਵਿੱਚ ਸ਼ਾਮਲ ਹੋ ਗਏ। ਇਨ੍ਹਾਂ ਦੋ ਵਿਧਾਇਕਾਂ ਨੇ ਕੱਲ੍ਹ ਤ੍ਰਿਪੁਰਾ ਵਿਧਾਨ ਸਭਾ ਦੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ ਸੀ। ਦੋਵਾਂ ਵਿਧਾਇਕਾਂ ਨੇ ਭਾਜਪਾ ਦੀ ਮੁੱਢਲੀ ਮੈਂਬਰਸ਼ਿਪ ਤੋਂ ਵੀ ਅਸਤੀਫਾ ਦੇ ਦਿੱਤਾ। ਬਰਮਨ ਅਤੇ ਸਾਹਾ ਨੇ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਤੇ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਢੇਰਾ ਨਾਲ ਮੁਲਾਕਾਤ ਤੋਂ ਬਾਅਦ ਪਾਰਟੀ ਦੀ ਮੈਂਬਰਸ਼ਿਪ ਹਾਸਲ ਕੀਤੀ। ਇਹ ਦੋਵੇਂ ਨੇਤਾ ਪਹਿਲਾਂ ਕਾਂਗਰਸ ਵਿੱਚ ਰਹਿ ਚੁੱਕੇ ਹਨ। ਕਾਂਗਰਸ ਦੇ ਤ੍ਰਿਪੁਰਾ ਇੰਚਾਰਜ ਨੇ ਦੋਵਾਂ ਨੇਤਾਵਾਂ ਦਾ ਪਾਰਟੀ ਵਿੱਚ ਸਵਾਗਤ ਕਰਦੇ ਹੋਏ ਕਿਹਾ ਕਿ ਦੋਵਾਂ ਨੇਤਾਵਾਂ ਦੇ ਆਉਣ ਨਾਲ ਪੂਰਬ ਉਤਰ ਵਿੱਚ ਭੂਚਾਲ ਆ ਗਿਆ ਹੈ। ਸਾਲ 2023 ਵਿੱਚ ਤ੍ਰਿਪੁਰਾ ਵਿੱਚ ਕਾਂਗਰਸ ਸਰਕਾਰ ਬਣਨੀ ਤੈਅ ਹੈ। ਉਨ੍ਹਾਂ ਦਾਅਵਾ ਕੀਤਾ ਕਿ ਤ੍ਰਿਪੁਰਾ ਵਿੱਚ ਭਾਜਪਾ ਦੇ ਦੋ ਹੋਰ ਵਿਧਾਇਕ ਛੇਤੀ ਹੀ ਕਾਂਗਰਸ ਵਿੱਚ ਸ਼ਾਮਲ ਹੋਣਗੇ।

### ਕਸ਼ਮੀਰ 'ਤੇ ਟਵੀਟ ਵਿਵਾਦ:

## ਹੁੰਡਈ ਦੀ ਗਲਤੀ ਉੱਤੇ ਦੱਖਣੀ ਕੋਰੀਆਨੇ ਮੁਆਫ਼ੀ ਮੰਗੀ

ਨਵੀਂ ਦਿੱਲੀ, 10 ਫਰਵਰੀ (ਪੋਸਟ ਬਿਊਰੋ)- ਕਸ਼ਮੀਰ ਉੱਤੇ ਦੱਖਣੀ ਕੋਰੀਅਨ ਕੰਪਨੀ ਹੁੰਡਈ ਦੀ ਸੋਸ਼ਲ ਮੀਡੀਆ ਪੋਸਟ ਬਾਰੇ ਸਾਊਥ ਕੋਰੀਆ ਦੇ ਵਿਦੇਸ਼ ਮੰਤਰੀ ਚੁੰਗ ਯੂਈ-ਯੋਂਗ ਨੇ ਫੋਨ ਉੱਤੇ ਭਾਰਤ ਤੋਂ ਮੁਆਫ਼ੀ ਮੰਗ ਲਈ ਹੈ। ਵਿਦੇਸ਼ ਮੰਤਰਾਲੇ ਅਨੁਸਾਰ ਦੱਖਣੀ ਕੋਰੀਆ ਦੇ ਵਿਦੇਸ਼ ਮੰਤਰੀ ਨੇ ਐਸ ਜੈਸ਼ੰਕਰ ਨਾਲ ਟੈਲੀਫੋਨ ਉੱਤੇ ਗੱਲਬਾਤ ਦੇ ਦੌਰਾਨ ਇਸ ਮਾਮਲੇ ਬਾਰੇ ਅਫਸੋਸ ਦਾ ਪ੍ਰਗਟਾਵਾ ਕੀਤਾ ਹੈ। ਸਾਊਥ ਕੋਰੀਆ ਦੀ ਰਾਜਧਾਨੀ ਸਿਉਲ ਵਿੱਚ ਭਾਰਤ ਦੇ ਰਾਜਦੂਤ ਨੇ ਹੁੰਡਈ ਮੁੱਖ ਦਫ਼ਤਰ ਤੋਂ ਇਸ ਮਾਮਲੇ ਵਿੱਚ ਸਪੱਸ਼ਟੀਕਰਨ ਮੰਗਿਆ ਹੈ।

ਇਸ ਸੰਬੰਧ ਵਿੱਚ ਛਿੜੇ ਵੱਡੇ ਵਿਵਾਦ ਦੀ ਜਦ ਵਿੱਚ ਕੇ ਐਫ ਸੀ ਜਾਮਿਨੋਜ਼, ਫਿਜਾ ਹਟ, ਉਸਾਕਾ ਬੈਟਰੀ, ਆਈਸੂਜੂ ਡੀ-ਮੈਰਸ, ਬਾਸ਼ ਫਾਮਾਰਸਯੂਟਿਕਲਸ, ਐਟਲਸ ਹੋਂਡਾ ਲਿਮਿਟਡ ਤੇ ਕਿਆ ਮੋਟਰਸ ਆ ਗਈ ਹੈ। ਸੋਸ਼ਲ ਮੀਡੀਆ ਉੱਤੇ ਇਨ੍ਹਾਂ ਸਾਰੀਆਂ ਕੰਪਨੀਆਂ ਦੇ ਪਾਕਿਸਤਾਨੀ ਸੋਸ਼ਲ ਮੀਡੀਆ ਹੈਂਡਲ ਤੋਂ ਵੀ 5 ਫਰਵਰੀ ਨੂੰ ਕਸ਼ਮੀਰ ਸਾਲਿਡੈਰਿਟੀ-ਡੇ ਉੱਤੇ ਕੀਤੇ ਗਏ ਪੋਸਟ ਵਾਇਰਲ ਹੋ ਰਹੇ ਹਨ। ਇਸ ਦੇ ਬਾਅਦ ਇਨ੍ਹਾਂ ਦੇ ਵੀ ਬਾਈਕਾਟ ਦੀ ਮੰਗ ਸ਼ੁਰੂ ਹੋ ਗਈ ਹੈ। ਇਨ੍ਹਾਂ ਕੰਪਨੀਆਂ ਨੇ ਵੀ ਮਾਫੀ ਮੰਗਣੀ ਸ਼ੁਰੂ ਕਰ ਦਿੱਤੀ ਹੈ।

ਵਰਨਣ ਯੋਗ ਹੈ ਕਿ ਪਾਕਿ-ਸਤਾਨ ਵੱਲੋਂ 5 ਫਰਵਰੀ ਨੂੰ 'ਕਸ਼ਮੀਰ ਸਾਲਿਡੈਰਿਟੀ-ਡੇ' ਮਨਾਉਣ ਮੌਕੇ ਹੁੰਡਈ ਪਾਕਿਸਤਾਨ ਨੇ ਟਵੀਟ ਕਰ ਕੇ ਪਾਕਿਸਤਾਨ ਦਾ ਸਮਰਥਨ ਕੀਤਾ ਸੀ। ਟਵੀਟ ਵਿੱਚ ਕਸ਼ਮੀਰ ਦੀ ਅੱਤਵਾਦੀ ਹਿੰਸਾ ਨੂੰ ਆਜ਼ਾਦੀ ਦੀ ਲੜਾਈ ਦੱਸਿਆ ਗਿਆ ਸੀ।ਇਸ ਪਿੱਛੋਂ ਸੋਸ਼ਲ ਮੀਡੀਆ ਯੂਜ਼ਰਸ ਨੇ ਹੁੰਡਈ ਮੋਟਰਸ ਨੂੰ ਬੁਰੀ ਤਰ੍ਹਾਂ ਟ੍ਰੋਲ ਕੀਤਾ ਸੀ। ਟਵੀਟ ਕਰਨ ਵਾਲੀ ਕੰਪਨੀਆਂ ਵਿੱਚੋਂ ਹੁੰਡਈ ਦੇ ਬਾਅਦ ਦੂਸਰੀਆਂ ਕੰਪਨੀਆਂ ਨੇ ਵੀ ਮਾਫੀ ਮੰਗਣੀ ਸ਼ੁਰੂ ਕਰ ਦਿੱਤੀ ਹੈ। ਪਹਿਲਾਂ ਐਫ ਸੀ ਅਤੇ ਡਾਮਿਨੋਜ਼ ਨੇ ਸੋਸ਼ਲ ਮੀਡੀਆ ਉੱਤੇ ਪੋਸਟ ਪਾ ਕੇ ਮੁਆਫੀ ਮੰਗੀ ਹੈ।

## ਪਹਾੜੀ ਵਿੱਚ ਦੋ ਦਿਨਾਂ ਤੋਂ ਫਸੇ ਹੋਏ ਨੌਜਵਾਨ ਦੀ ਜਾਨ ਫ਼ੌਜ ਨੇ ਬਚਾਈ

ਪਲੱਕੜ, 10 ਫਰਵਰੀ (ਪੋਸਟ ਬਿਊਰੋ)- ਕੇਰਲ ਦੇ ਪਲੱਕੜ ਜ਼ਿਲ੍ਹੇ ਦੇ ਮਲਮਪੁਜ਼ਾ ਖੇਤਰ ਵਿੱਚ ਇੱਕ ਖੜ੍ਹੀ ਪਹਾੜੀ ਦੀ ਦਰਾਰ ਵਿੱਚ ਲੱਗਭਗ 48 ਘੰਟੇ ਤੋਂ ਫਸੇ ਭੁੱਖੇ-ਪਿਆਸੇ ਜ਼ਖ਼ਮੀ ਨੌਜਵਾਨ ਨੂੰ ਭਾਰਤੀ ਫ਼ੌਜ ਦੀਆਂ ਬਚਾਅ ਟੀਮਾਂ ਨੇ ਸਫਲਤਾਪੂਰਵਕ ਬਾਹਰ ਕੱਢ ਲਿਆ ਅਤੇ ਉਸ ਦਾ ਇਲਾਜ ਕੀਤਾ ਜਾ ਰਿਹਾ ਹੈ।

ਆਰ ਬਾਬੂ (23) ਤਿੰਨ ਦੋਸਤਾਂ ਦੇ ਨਾਲ ਟ੍ਰੈਕਿੰਗ ਦੌਰਾਨ ਤਿਲਕ ਕੇ ਪਹਾੜੀ ਦੀ ਦਰਾਰ ਵਿੱਚ ਫਸ ਗਿਆ ਸੀ, ਜਿੱਥੇ ਕੇਵਲ ਬੈਠਣ ਜਿੰਨੀ ਜਗ੍ਹਾ ਸੀ। ਫ਼ੌਜ ਦੇ ਜਵਾਨ ਕੱਲ੍ਹ ਸਵੇਰੇ ਆਰ ਬਾਬੂ ਕੋਲ ਪਹੁੰਚੇ ਤੇ ਉਸ ਨੂੰ ਪਹਿਲਾਂ ਖਾਣਾ ਤੇ ਪਾਣੀ ਦਿੱਤਾ, ਫਿਰ ਸੁਰੱਖਿਆ ਉਪਕਰਨ ਦਿੱਤੇ ਤੇ ਉਸ ਨੂੰ ਦਰਾਰ ਵਿੱਚੋਂ ਬਾਹਰ ਕੱਢ ਕੇ ਸੁਰੱਖਿਅਤ ਪਹਾੜ ਦੇ ਉਪਰ ਲੈ ਗਏ। ਕੱਲ੍ਹ ਤੱਟ ਰੱਖਿਅਕ ਬਲ ਦੇ ਹੈਲੀਕਾਪਟਰਾਂ ਨੇ ਬਾਬੂ ਤਕ ਪਹੁੰਚਣ ਲਈ ਕਈ ਉਡਾਣਾਂ ਭਰੀਆਂ ਪਰ ਉਹ ਸਫਲ ਨਹੀਂ ਹੋ ਸਕੇ। ਅਧਿਕਾਰੀਆਂ ਅਨੁਸਾਰ ਰਾਤ ਸਮੇਂ ਜੰਗਲੀ ਜਾਨਵਰਾਂ ਨੂੰ ਬਾਬੂ ਤੋਂ ਦੂਰ ਰੱਖਣ ਲਈ ਕਈ ਥਾਈਂ ਮਸ਼ਾਲਾਂ ਵੀ ਜਗਾਈਆਂ ਗਈਆਂ। ਵਰਨਣ ਯੋਗ ਹੈ ਕਿ ਕੇਰਲ ਦੇ ਪਲੱਕੜ ਜ਼ਿਲ੍ਹੇ ਵਿੱਚ 1000 ਫੁੱਟ (305 ਮੀਟਰ) ਦਾ ਮਲਮਪੁਜ਼ਾ ਆਪਣੀਆਂ ਖੜ੍ਹੀਆਂ ਪਹਾੜੀਆਂ ਵਾਲੇ ਖੇਤਰ ਲਈ ਜਾਣਿਆ ਜਾਂਦਾ ਹੈ।

# ਇਨਕਮ ਟੈਕਸ ਵਿਭਾਗ ਲਤਾ ਮੰਗੇਸ਼ਕਰ ਤੋਂ ਹਾਈ ਕੋਰਟ ਵਿੱਚ ਹਾਰ ਗਿਆ ਸੀ

ਨਵੀਂ ਦਿੱਲੀ, 10 ਫਰਵਰੀ (ਪੋਸਟ ਬਿਊਰੋ)- ਭਾਰਤ ਰਤਨ ਨਾਲ ਸਨਮਾਨਤ ਬਾਲੀਵੁੱਡ ਦੀ ਮਸ਼ਹੂਰ ਗਾਇਕਾ ਲਤਾ ਮੰਗੇਸ਼ਕਰ ਨੇ 26 ਜਨਵਰੀ1963 ਨੂੰ 'ਐ ਮੇਰੇ ਵਤਨ ਦੇ ਲੋਗੋ' ਗਾਣਾ ਗਾਇਆ ਤਾਂ ਸਾਬਕਾ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਵੀ ਆਪਣੇ ਅੱਥਰੂ ਨਹੀਂ ਰੋਕ ਸਕੇ ਸਨ।

ਇਸੇ ਦੌਰਾਨ ਇਨਕਮ ਟੈਕਸ ਵਿਭਾਗ ਇਸ ਮਹਾਨ ਗਾਇਕਾ ਉੱਤੇ ਆਮਦਨ ਤੋਂ ਵੱਧ ਜਾਇਦਾਦ ਦੇ ਕੇਸ ਵਿੱਚ ਸ਼ਿਕੰਜਾ ਕੱਸਣ ਦੀ ਤਿਆਰੀ ਕਰ ਰਿਹਾ ਸੀ। ਇੱਕ ਮੀਡੀਆ ਰਿਪੋਰਟ ਮੁਤਾਬਕ ਬੰਬੇ ਹਾਈ ਕੋਰਟ ਦੇ ਰਿਕਾਰਡ ਤੋਂ ਪਤਾ ਲੱਗਾ ਹੈ ਕਿ ਆਈ ਟੀ ਵਿਭਾਗ ਲਤਾ ਦੇ ਖ਼ਿਲਾਫ਼ ਇਹ ਕੇਸ ਲੈ ਕੇ ਅਦਾਲਤ ਵਿੱਚ ਪਹੁੰਚ ਗਿਆ ਸੀ, ਜਿਸ ਦੀ ਸਥਾਪਨਾ 1947 ਵਿੱਚ ਦੇਸ਼ ਨੂੰ ਆਜ਼ਾਦੀ ਮਿਲਣ ਤੋਂ ਬਾਅਦ ਹੋਈ ਸੀ, ਪਰ ਇਹ ਲਤਾ ਦੀ ਖੁਸ਼ਕਿਸਮਤੀ ਹੀਸੀ ਕਿ ਉਸ ਦੌਰਾਨ ਉਨ੍ਹਾਂ ਨੂੰ ਨਾਨੀ ਪਾਲਕੀਵਾਲਾ ਵਰਗੇ ਮਸ਼ਹੂਰ ਵਕੀਲ ਦਾ ਸਾਥ ਮਿਲਿਆ, ਜਿਨ੍ਹਾਂ ਨੂੰ ਭਾਰਤ ਦਾ ਸੰਵਿਧਾਨ ਤੇ ਇਸ ਦੇ ਨਾਗਰਿਕਾਂ ਦਾ ਅਧਿਕਾਰ ਬਚਾਉਣ ਲਈ ਜਾਣਿਆ ਜਾਂਦਾ ਹੈ। ਇਨਕਮ ਟੈਕਸ ਵਿਭਾਗ ਨਾਲ ਲਤਾ ਦੀ ਅਦਾਲਤਾਂ ਵਿੱਚ ਲੜਾਈ ਲੱਗਭਗ ਤਿੰਨ ਦਹਾਕੇ ਚੱਲੀ ਅਤੇ ਇਨਕਮ ਟੈਕਸ ਵਿਭਾਗ ਨੂੰ ਪਿੱਛੇ ਹਟਣਾ ਪਿਆ ਸੀ।

ਮਦਰਾਸ (ਅੱਜਕੱਲ੍ਹ ਚੇਨਈ) ਵਿੱਚ ਵਾਸੂ ਫਿਲਮਜ਼ ਵੱਲੋਂ ਕੀਤੀਆਂ ਗਈਆਂ ਕੁਝ ਐਂਟਰੀਆਂ ਇੱਕ ਆਈ ਟੀ ਅਧਿਕਾਰੀ ਨੂੰ ਮਿਲੀਆਂ ਸਨ, ਜਿਸ ਦੇ ਆਧਾਰ ਉੱਤੇ ਉਨ੍ਹਾਂ ਅੰਦਾਜ਼ਾ ਲਾਇਆ ਕਿ ਲਤਾ ਨੇ



ਆਪਣੀ ਅਸਲ ਆਮਦਨ ਲੁਕੋਈ ਸੀ। 20 ਜੂਨ 1973 ਨੂੰ ਆਈ ਟੀ ਵਿਭਾਗ ਤੇ ਲਤਾ ਵੱਲੋਂ ਦਿੱਤੀਆਂ ਦਲੀਲਾਂ ਨੂੰ ਪੜ੍ਹਨ ਪਿੱਛੋਂ ਹਾਈ ਕੋਰਟ ਨੇ ਕਿਹਾ ਕਿ ਅਸੀਂ ਟ੍ਰਿਬਿਊਨਲ ਦੇ ਵਿਚਾਰ ਨੂੰ ਕਾਇਮ ਰੱਖਦੇ ਹਾਂ, ਇਸ ਲਈ ਜੁਰਮਾਨਾ ਲਾਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।ਹਾਈ ਕੋਰਟ ਦੇ ਰਿਕਾਰਡ ਇਸ ਦੀ ਪੁਸ਼ਟੀ ਕਰਦੇ ਹਨ ਕਿ ਲਤਾ ਦੇ ਵਧਦੇ ਕੱਦ ਦਾ ਧਿਆਨ ਰੱਖਦੇ ਹੋਏ ਅਦਾਲਤ ਵਿੱਚ ਉਨ੍ਹਾਂ ਦਾ ਸਨਮਾਨ ਵਧਿਆ। ਫੈਸਲਿਆਂ ਵਿੱਚ 1958 ਵਿੱਚ ਉਨ੍ਹਾਂ ਨੂੰ ਪਹਿਲੀ ਵਾਰ ਗਾਇਕਾ, ਫਿਰ ਪ੍ਰਸਿੱਧ ਪਲੇਬੈਕ ਸਿੰਗਰਅਤੇ 1970 ਵਿੱਚ ਮਨਜ਼ੂਰਸ਼ੁਦਾ ਪਲੇਬੈਕ ਸਿੰਗਰਕਹਿ ਕੇ ਸਨਮਾਨ ਦਿੱਤਾ ਗਿਆ ਸੀ।

ਦੱਸਿਆ ਜਾਂਦਾ ਹੈ ਕਿ ਨਵੀਂ ਦਿੱਲੀ ਦੇ ਨੈਸ਼ਨਲ ਸਟੇਡੀਅਮ ਵਿੱਚ 1963 ਦੇ ਗਣਤੰਤਰ ਦਿਵਸ ਸਮਾਗਮ ਤੋਂ ਕੁਝ ਦਿਨਾਂ ਬਾਅਦ ਆਈ ਟੀ ਵਿਭਾਗ ਨੇ ਸਾਲ 1962-63, 1963-64 ਅਤੇ 1964-65 ਲਈ ਲਤਾ ਦੀਆਂ ਰਿਟਰਨਸ ਉੱਤੇ ਸਵਾਲ ਉਠਾਇਆ ਸੀ, ਜੋ ਕ੍ਰਮਵਾਰ 1,43,650 ਰੁਪਏ, 1,38,251 ਰੁਪਏ ਅਤੇ 1,19,850 ਰੁਪਏ ਸੀ। ਮੁੱਖ ਤੌਰ ਉੱਤੇ ਇਨਕਮ ਟੈਕਸ ਵਿਭਾਗ ਦੀ ਇਹ ਕਾਰਵਾਈ ਗਾਇਕਾ ਵਜੋਂ ਕੰਮ ਕਰਨ ਤੋਂ ਬਾਅਦ ਮਿਲੀ ਰਸੀਦ ਸਬੰਧੀ ਉਨ੍ਹਾਂ ਵੱਲੋਂ ਡਾਇਰੀ ਵਿੱਚ ਨੋਟ ਕੀਤੀ ਗਈ ਐਂਟਰੀ ਉੱਤੇ ਆਧਾਰਤ ਸੀ। ਦੱਸ ਦੇਈਏ ਕਿ ਬੰਬੇ ਹਾਈ ਕੋਰਟ ਦੇ 30 ਦਸੰਬਰ, 1991 ਦੇ ਫੈਸਲੇ ਤੋਂ ਸਪੱਸ਼ਟ ਹੈ ਕਿ ਆਈ ਟੀ ਵਿਭਾਗ ਨਾਲ ਸਵਰਗੀ ਗਾਇਕਾ ਦਾ ਇਹ ਮਾਮਲਾ 1990 ਦੇ ਦਹਾਕੇ ਦੀ ਸ਼ੁਰੂਆਤ ਤਕ ਜਾਰੀ ਰਿਹਾ।

# ਅਮਰੀਕਾ ਵਿੱਚ 3.60 ਅਰਬ ਡਾਲਰ ਦਾ ਗ਼ੈਰ-ਕਾਨੂੰਨੀ ਪੈਸਾ ਜ਼ਬਤ, ਜੋੜਾ ਗ੍ਰਿਫ਼ਤਾਰ



ਵਾਸ਼ਿੰਗਟਨ, 10 ਫਰਵਰੀ (ਪੋਸਟ ਬਿਊਰੋ)- ਅਮਰੀਕਾ ਦੇ ਨਿਆਂ ਵਿਭਾਗ ਨੇ ਕਿਹਾ ਹੈ ਕਿ ਉਸ ਨੇ 3.60 ਅਰਬ ਡਾਲਰ ਤੋਂ ਵੱਧ ਦਾ ਗ਼ੈਰ ਕਾਨੂੰਨੀ ਧਨ ਜ਼ਬਤ ਕੀਤਾ ਤੇ ਇਸ ਬਾਰੇ ਨਿਊਯਾਰਕ ਦੇ ਇੱਕ ਜੋੜੇ ਉੱਤੇ ਦੋਸ਼ ਹੈ ਕਿ ਉਨ੍ਹਾਂ 2016 ਵਿੱਚ ਡਿਜੀਟਲ ਮਾਧਿਅਮ ਨਾਲ ਹੋਏ ਕਰੰਸੀ ਐਕਸਚੇਂਜ ਸਿਸਟਮ ਨੂੰ ਹੈਕ ਕਰ ਕੇ ਚੋਰੀ ਕੀਤੇ ਗਏ ਅਰਬਾਂ ਡਾਲਰਾਂ ਦੀ ਮਨੀ ਲਾਂਡਰਿੰਗ ਦੀ ਸਾਜ਼ਿਸ਼ ਰਚੀ ਸੀ।

ਫ਼ੈਡਰਲ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨੇ ਕਿਹਾ ਕਿ ਜ਼ਬਤ ਕੀਤਾ ਗਿਆ ਪੈਸਾ 'ਬਿਟਫਾਈਨੈਕਸ' ਦੀ ਹੈਕਿੰਗ ਨਾਲ ਜੁੜਿਆ ਹੋਇਆ, ਜੋ ਡਿਜੀਟਲ ਕਰੰਸੀ ਐਕਸਚੇਂਜ ਦਾ ਇੱਕ ਸਿਸਟਮ ਹੈ ਤੇ ਜਿਸ ਵਿੱਚ ਛੇ ਸਾਲ ਪਹਿਲਾਂ ਹੈਕਰਾਂ ਨੇ ਸੰਨ੍ਹ ਲਾਈ ਸੀ। ਅਮਰੀਕਾ ਅਤੇ ਰੂਸ ਦੀ ਨਾਗਰਿਕਤਾ ਰੱਖਦੇ 34 ਸਾਲਾ ਦੇ ਇਲਿਆ ''ਡੱਚ'' ਲਿਚਟਨਸਟਾਈਨ ਤੇ ਉਸਦੀ ਪਤਨੀ ਹੀਥਰ ਮੋਰਗਨ (31) ਨੂੰ ਕੱਲ੍ਹ ਮੈਨਹਟਨ ਵਿੱਚ ਗ੍ਰਿਫ਼ਤਾਰ ਕੀਤਾ ਗਿਆ। ਦੋਸ਼ ਹੈ ਕਿ ਉਨ੍ਹਾਂ ਨੇ ਗੁੰਝਲਦਾਰ ਤਕਨੀਕ ਦੀ ਵਰਤੋਂ ਕਰਕੇ ਚੋਰੀ ਕੀਤੀ 'ਕ੍ਰਿਪਟੋਕਰੰਸੀ' ਨੂੰ ਲਾਂਡਰਿੰਗ ਕਰਨ ਅਤੇ ਪੈਸੇ ਦੇ ਲੈਣ-ਦੇਣ ਨੂੰ ਲੁਕਾਉਣ ਦੀ ਸਾਜ਼ਿਸ਼ ਰਚੀ ਸੀ।

# ਵਾਸ਼ਿੰਗਟਨ ਹਵਾਈ ਅੱਡੇ ਵਿੱਚ ਭਾਰਤੀ ਔਰਤ ਬੇਹੋਸ਼ ਹੋਈ

* ਲਗੇਜ ਖੇਤਰ ਵਿੱਚ ਵ੍ਹੀਲਚੇਅਰ ਉੱਤੇ ਬੇਹੋਸ਼ੀ ਦੀ ਹਾਲਤ ਵਿੱਚ ਮਿਲੀ

ਨਿਊ ਯਾਰਕ, 10 ਫਰਵਰੀ (ਪੋਸਟ ਬਿਊਰੋ)- ਅਮਰੀਕਾ ਦੇ ਵਾਸ਼ਿੰਗਟਨ ਹਵਾਈ ਅੱਡੇ ਉੱਤੇ ਲਗੇਜ ਬੈਲਟ ਦੇ ਨੇੜੇ ਵ੍ਹੀਲਚੇਅਰ ਉੱਤੇ ਬੈਠੀ ਇੱਕ 54 ਸਾਲਾ ਭਾਰਤੀ ਔਰਤ ਨੂੰ ਬੇਹੋਸ਼ ਦੇਖ ਕੇ ਇੱਕ ਮੈਡੀਕਲ ਅਧਿਕਾਰੀ ਨੇ ਉਸ ਦੀ ਜਾਨ ਬਚਾਈ। ਅਮਰੀਕੀ ਪ੍ਰਸ਼ਾਸਨ ਨੇ ਹਾਲਾਤ ਨੂੰ ਬਹੁਤ ਦੁਖਦਾਈ ਦੱਸਿਆ ਹੈ।

ਇਸ ਸੰਬੰਧ ਵਿੱਚ ਅਮਰੀਕਾ ਦੇ ਕਸਟਮ ਐਂਡ ਬਾਰਡਰ ਪ੍ਰੋਟੈਕਸ਼ਨ (ਸੀ ਬੀ ਪੀ) ਨੇ ਕੱਲ੍ਹ ਦੱਸਿਆ ਕਿ ਔਰਤ ਭਾਰਤੀ ਨਾਗਰਿਕ ਅਤੇ ਅਮਰੀਕਾ ਦੀ ਸਥਾਈ ਵਾਸੀ ਸੀ। ਉਹ ਐਤਵਾਰ ਸ਼ਾਮ ਨੂੰ ਕਤਰ ਤੋਂ ਦੋਹਾ ਦੀ 15 ਘੰਟੇ ਦੀ ਫਲਾਈਟ ਰਾਹੀਂ ਵਾਸ਼ਿੰਗਟਨ ਹਵਾਈ ਅੱਡੇ ਉੱਤੇ ਪੁੱਜੀ ਅਤੇ ਸਾਮਾਨ (ਲਗੇਜ) ਵਾਲੇ ਖੇਤਰ ਵਿੱਚ ਵ੍ਹੀਲਚੇਅਰ ਉੱਤੇ ਬੈਠੀ ਸੀ, ਉਦੋਂ ਹਵਾਈ ਅੱਡੇ ਦੇ ਮੁਲਾਜ਼ਮਾਂ ਨੇ ਉਸ ਔਰਤ ਦੀ ਹਾਲਤ ਦਾ ਅਲਰਟ ਜਾਰੀ ਕੀਤਾ। ਹਵਾਈ ਅੱਡੇ ਵੱਲੋਂ ਜਾਰੀ ਬਿਆਨ ਮੁਤਾਬਕ ਕਰੀਬ 10 ਮਿੰਟ ਤਕ ਉਸ ਔਰਤ ਦੀ ਹਾਲਤ ਕਾਫੀ ਗੰਭੀਰ ਸੀ।ਬਾਅਦ ਵਿੱਚ




ਅਮਰੀਕੀ ਕਸਟਮ ਐਂਡ ਬਾਰਡਰ ਪ੍ਰੋਟੈਕਸ਼ਨ (ਸੀ ਬੀ ਪੀ) ਦੇ ਐਮਰਜੈਂਸੀ ਮੈਡੀਕਲ ਦਲ ਨੇ ਭਾਰਤੀ ਔਰਤ ਦੀ ਜਾਨ ਬਚਾਉਣ ਲਈ ਜੰਗੀ ਪੱਧਰ ਉੱਤੇ ਕੋਸ਼ਿਸ਼ ਕੀਤੀ ਤੇ ਉਨ੍ਹਾਂ ਨੂੰ ਕਾਮਯਾਬੀ ਮਿਲੀ। ਉਸ ਨੂੰ ਹਸਪਤਾਲ ਵਿੱਚ ਦਾਖਲ ਕਰਵਾ ਦਿੱਤਾ ਗਿਆ।ਦੱਸਿਆਜਾਂਦਾ ਹੈ ਕਿ ਬਿਮਾਰ ਔਰਤ ਹਸਪਤਾਲ ਲਿਜਾਂਦੇ ਸਮੇਂ ਆਪਣੇ ਆਮ ਸਾਹ ਲੈ ਰਹੀ ਸੀ। ਸੀ ਬੀ ਪੀ ਅਫਸਰ ਨਿਕੋਲਸ ਕਾਰੇਸਟੇਟਰ ਤੇ ਹਰਮਨ ਹੰਡਲ ਨੇ ਦੇਖਿਆ ਕਿ ਔਰਤ ਬੇਹੋਸ਼ ਹੈ ਅਤੇ ਉਸ ਦੀ ਨਬਜ਼ ਨਹੀਂ ਚੱਲ ਰਹੀ ਹੈ। ਉਨ੍ਹਾਂ ਤੁਰੰਤ ਕਾਰਡੀਓਪਲਮੋਨਰੀ ਰੀਸਸਿਟੇਸ਼ਨ (ਸੀ ਪੀ ਆਰ) ਦਿੱਤਾ। ਇਸ ਤੋਂ ਇਲਾਵਾ ਦੋ ਹੋਰ ਸੀ ਬੀ ਪੀ ਅਫਸਰਾਂ ਨੇ ਵੀ ਐਮਰਜੈਂਸੀ ਇਲਾਜ ਵਿੱਚ ਉਨ੍ਹਾਂ ਦੀ ਮਦਦ ਕੀਤੀ।

# ਅੱਲ੍ਹਾ ਦੀ ਤੌਹੀਨ ਬਦਲੇ ਹਿੰਦੂ ਅਧਿਆਪਕ ਨੂੰ ਉਮਰ ਕੈਦ

ਲਾਹੌਰ, 10 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨ ਦੇ ਇਲਾਕੇ ਘੋਟਕੀ ਦੀ ਅਦਾਲਤ ਨੇ ਅੱਲ੍ਹਾ ਦੇ ਦੋਸ਼ ਹੇਠ ਇੱਕ ਹਿੰਦੂ ਵਿਅਕਤੀ ਨੂੰ ਉਮਰ ਕੈਦ ਅਤੇ 50000 ਰੁਪਏ ਦਾ ਜੁਰਮਾਨਾ ਲਾਇਆ ਗਿਆ ਹੈ।

ਐਡੀਸ਼ਨਲ ਸੈਸ਼ਨ ਜੱਜ ਮੁਮਤਾਜ ਅਲੀ ਸੋਲੰਗੀ ਨੇ ਕੱਲ੍ਹ ਆਪਣਾ ਫੈਸਲਾ ਸੁਣਾਇਆ। ਕੋਰਟ ਨੂੰ ਅੰਤਿਮ ਹੁਕਮ ਪਾਸ ਕਰਨ ਵਿੱਚ ਦੋ ਸਾਲ ਸਮਾਂ ਲੱਗ ਗਿਆ। ਨੌਤਨ ਲਾਲ 2019 ਤੋਂ ਇੱਕ ਵਿਚਾਰ ਅਧੀਨ ਕੈਦੀ ਵਜੋਂ ਜੇਲ੍ਹ ਵਿੱਚ ਹੈ। ਸੋਸ਼ਲ ਮੀਡੀਆ ਉੱਤੇ 14 ਸਤੰਬਰ 2019 ਨੂੰ ਇੱਕ ਵੀਡੀਓ ਸਾਂਝੀ ਕੀਤੀ ਗਈ ਸੀ, ਜਿਸ ਵਿੱਚ ਪਹਿਲੇ ਸਾਲ ਦੇ ਵਿਦਿਆਰਥੀ ਨੇ ਦਾਅਵਾ ਕੀਤਾ ਸੀ ਕਿ ਘੋਟਕੀ ਦੇ ਸਿੰਧ ਪਬਲਿਕ ਹਾਇਰ ਸੈਕੰਡਰੀ ਸਕੂਲ ਦੇ ਮਾਲਕ ਨੇ ਅੱਲ੍ਹਾ ਦੀ ਤੌਹੀਨ ਕੀਤੀ ਸੀ। ਅਧਿਆਪਕਾਂ ਅਨੁਸਾਰ ਨੌਤਨ ਲਾਲ ਉਸ ਦਿਨ ਬੱਸ ਉਂਝ ਹੀ ਆਏ ਸਨ। ਉਹ ਅਸਲ ਵਿੱਚ ਆਪਣੇ ਸਕੂਲ ਵਿੱਚ ਪੜ੍ਹਾਉਂਦੇ ਨਹੀਂ। ਰਿਪੋਰਟ ਵਿੱਚ ਕਿਹਾ ਗਿਆ ਕਿ ਉਹ ਸਰਕਾਰੀ ਡਿਗਰੀ ਕਾਲਜ ਘੋਟਕੀ ਵਿੱਚ ਫਿਜ਼ਿਲਕਸ ਦੇ ਟੀਚਰ ਹਨ।

ਇਸ ਪਿੱਛੋਂ ਇੱਕ ਹੋਰ ਮਦਰੱਸੇ ਦੇ ਮੁਖੀ ਜਮਾਤ ਅਹਲੇ ਸੁੰਨਤ ਦੇ ਮੁਫਤੀ ਅਬਦੁਲ ਕਰੀਮ ਸਈਦੀ ਨੇ ਸਕੂਲ ਦੇ ਮਾਲਕ ਖਿਲਾਫ ਅੱਲ੍ਹਾ ਦੀ ਤੌਹੀਨ ਦਾ ਕੇਸ ਕੀਤਾ ਤਾਂ ਜ਼ਿਲ੍ਹੇ ਵਿੱਚ ਹਿੰਸਾ ਭੜਕ ਗਈ। ਖਬਰ ਫੈਲਦੇ ਸਾਰ ਹੀ ਨਕਾਬਪੋਸ਼ਾਂ ਨੇ ਘੋਟਕੀ ਦੇ ਸਚੋ ਸਤਰਾਮ ਧਾਮ ਮੰਦਰ ਉੱਤੇ ਹਮਲਾ ਕਰ ਦਿੱਤਾ। ਉਨ੍ਹਾਂ ਨੇ ਮੰਦਰ ਦੀ ਭੰਨਤੋੜ ਕੀਤੀ, ਉਸ ਦੀਆਂ ਮੂਰਤੀਆਂ ਨੂੰ ਨੁਕਸਾਨ ਪਹੁੰਚਾਇਆ ਅਤੇ ਉਸ ਦੀਆਂ ਨੀਲੀਆਂ ਅਤੇ ਹਰੀਆਂ ਦੀਵਾਰਾਂ ਨੂੰ ਤੋੜ ਦਿੱਤਾ।

# ਬਲੋਚਿਸਤਾਨ ਵਿੱਚ ਭਿਆਨਕ ਜੰਗ, 20 ਬਲੋਚ ਬਾਗ਼ੀ ਅਤੇ 9 ਪਾਕਿ ਸੈਨਿਕ ਮਰੇ

ਇਸਲਾਮਾਬਾਦ, 10 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨ ਦੇ ਬਲੋਚਿਸਤਾਨ ਸੂਬੇ ਵਿੱਚ ਬਾਗੀਆਂ ਨੇ ਫ਼ੌਜ ਦੇ 9 ਸੈਨਿਕਾਂ ਨੂੰ ਮਾਰ ਦਿੱਤਾ ਹੈ। ਫ਼ੌਜ ਵੱਲੋਂ ਤਿੰਨ ਦਿਨਾਂ ਤੋਂ ਚਲਾਈ ਜਾ ਰਹੀ ਮੁਹਿੰਮ ਵਿੱਚ 20 ਬਾਗੀ ਵੀ ਮਾਰੇ ਗਏ ਹਨ। ਫ਼ੌਜ ਦੀ ਇਹ ਮੁਹਿੰਮ ਕੱਲ੍ਹ ਪੂਰੀ ਹੋ ਗਈ। ਬਲੋਚ ਬਾਗੀਆਂ ਨੇ 170 ਪਾਕਿਸਤਾਨੀ ਸੈਨਿਕਾਂ ਨੂੰ ਮਾਰਨ ਦਾ ਦਾਅਵਾ ਕੀਤਾ ਹੈ।ਇਸ ਬਾਰੇ ਦੋਵਾਂ ਧਿਰਾਂ ਦੇ ਦਾਅਵੇ ਵੱਖੋ-ਵੱਖ ਹਨ।

ਬਲੋਚ ਲਿਬਰੇਸ਼ਨ ਆਰਮੀ (ਬੀ ਐਲ ਏ) ਨੇ ਇਹ ਦਾਅਵਾ ਕੀਤਾ ਹੈ ਕਿ ਉਸ ਨੇ ਕੱਲ੍ਹ ਰਾਤ ਪਾਕਿਸਤਾਨ ਦੇ ਫ਼ਰੰਟੀਅਰ ਕੋਰ



(ਐਫ ਸੀ) ਦੇ ਨੋਸ਼ਕੀ ਅਤੇ ਪੰਜਗੁਰ ਕੈਂਪਾਂ ਉੱਤੇ ਦੋ ਵੱਡੇ ਹਮਲਿਆਂ ਵਿੱਚ 170 ਪਾਕਿਸਤਾਨ ਦੇ ਸੁਰੱਖਿਆ ਜਵਾਨਾਂ ਨੂੰ ਮਾਰ ਦਿੱਤਾ। ਫ਼ੌਜ ਨੇ ਇੱਕ ਬਿਆਨ ਜਾਰੀ ਕਰ ਕੇ ਕਿਹਾ ਕਿ ਉਸ ਨੇ ਬਾਗ਼ੀਆਂ ਨੂੰ ਵਾਪਸ ਭਜਾ ਦਿੱਤਾ ਹੈ। ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਟਵੀਟ ਕਰ ਕੇ ਸੁਰੱਖਿਆ ਬਲਾਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਅਸੀਂ ਬਹਾਦੁਰ ਸੁਰੱਖਿਆ ਬਲਾਂ ਨੂੰ ਸਲਾਮ ਕਰਦੇ ਹਾਂ, ਜਿਨ੍ਹਾਂ ਨੇ ਬਲੋਚਿਸਤਾਨ ਦੇ ਪੰਜਗੁਰ ਅਤੇ ਨੋਸ਼ਕੀ ਵਿੱਚ ਸੁਰੱਖਿਆ ਬਲਾਂ ਦੇ ਕੈਂਪ ਖਿਲਾਫ਼ ਹਮਲੇ ਅਸਫ਼ਲ ਕਰ ਦਿੱਤੇ ਹਨ।ਮਾਹਰਾਂ ਦਾ ਕਹਿਣਾ ਹੈ ਕਿ ਆਜ਼ਾਦੀ ਦੇ ਮਿਸ਼ਨ ਵਿੱਚ ਬਲੋਚ ਰਾਸ਼ਟਰਵਾਦੀ ਮੁੱਖ ਹਨ। ਨੋਸ਼ਕੀ ਤੇ ਪੰਜਗੁਰ ਹਮਲੇ ਮਹੱਤਵਪੂਰਨ ਹਨ ਕਿਉਂਕਿ ਉਹ ਓਦੋਂ ਹੋ ਰਹੇ ਹਨ ਜਦੋਂ ਪ੍ਰਧਾਨ ਮੰਤਰੀ ਇਮਰਾਨ ਖਾਨ ਚੀਨ ਵਿੱਚ ਹਨ। ਇਹ ਰੁਝਾਨ ਚੀਨ ਨੂੰ ਸੰਦੇਸ਼ ਭੇਜਦਾ ਹੈ ਕਿ ਜੇ ਪਾਕਿਸਤਾਨ ਦੇ ਐਫ਼ ਸੀ ਕੈਂਪ ਬਲੋਚ ਹਮਲਿਆਂ ਤੋਂ ਸੁਰੱਖਿਅਤ ਨਹੀਂ ਤਾਂ ਪਾਕਿਸਤਾਨ ਵਿੱਚ ਆਪਣੇ ਹਿੱਤਾਂ ਦੀ ਰੱਖਿਆ ਕਿਵੇਂ ਕਰੇਗਾ।

# ਅਮਰੀਕੀ ਹਸਪਤਾਲਾਂ ਵਿੱਚ ਨਰਸਾਂ ਦੀ ਕਮੀ

ਸਾਨ ਫਰਾਂਸਿਸਕੋ, 10 ਫਰਵਰੀ (ਪੋਸਟ ਬਿਊਰੋ)- ਕੋਰੋਨਾ ਮਹਾਮਾਰੀ ਦੇ ਕਾਰਨ ਅਮਰੀਕਾ ਦੇ ਹਸਪਤਾਲ ਨਰਸਾਂ ਦੀ ਕਮੀ ਨਾਲ ਜੂਝ ਰਹੇ ਹਨ। ਇਸਦਾ ਵੱਡਾ ਕਾਰਨ ਇਹ ਹੈ ਕਿ ਕੋਰੋਨਾ ਦੇ ਕਾਲ ਵਿੱਚ ਕਈ ਨਰਸਾਂ ਸੇਵਾਮੁਕਤ ਹੋ ਗਈਆਂ ਜਾਂਉਨ੍ਹਾਂ ਨੇ ਨੌਕਰੀ ਛੱਡ ਦਿੱਤੀ। ਇਸ ਵਿੱਚ ਸਿਹਤ ਸਿਸਟਮ ਦੇ ਹਾਲਾਤ ਹੋਰ ਡਿੱਗ ਰਹੇ ਹਨ।

ਕੈਲੀਫੋਨੀਆ ਵਿਸ਼ਵਵਿਦਿਆਲੇ ਸਾਨ ਫਰਾਂਸਿਸਕੋ ਦੀ ਤਾਜ਼ਾ ਰਿਪੋਰਟ ਅਨੁਸਾਰ ਇਕੱਲੇ ਕੈਲੀਫੋਨੀਆ ਵਿੱਚ ਵਰਕ ਫੋਰਸ ਵਿੱਚ 14 ਫੀਸਦੀ ਕਮੀ ਹੈ। ਅਮਰੀਕਾ ਆਮ ਤੌਰ ਉੱਤੇ ਨਰਸਿੰਗ ਸਮੇਤ ਕੁਝ ਪੇਸ਼ੇਵਰ ਨੌਕਰੀਆਂ ਦੇ ਲਈ ਸਥਾਈ ਰੂਪ ਵਿੱਚ ਦੇਸ਼ ਵਿੱਚ ਜਾਣ ਵਾਲੇ ਲੋਕਾਂ ਨੂੰ ਹਰ ਸਾਲ ਘੱਟੋ ਘੱਟ 1,40,000 ਗ੍ਰੀਨ ਕਾਰਡ ਦੇਂਦਾ ਹੈ। ਜ਼ਿਆਦਾਤਰ ਗ੍ਰੀਨ ਕਾਰਡ ਉਨ੍ਹਾਂ ਲੋਕਾਂ ਨੂੰ ਦਿੱਤੇ ਜਾਂਦੇ ਹਨ ਜਿਹੜੇ ਪਹਿਲਾਂ ਤੋਂ ਅਸਥਾਈ ਵੀਜ਼ੇ ਉੱਤੇ ਅਮਰੀਕਾ ਵਿੱਚ ਰਹਿ ਰਹੇ ਹਨ।ਇਸ ਸਾਲ ਇਨ੍ਹਾਂ ਵਿੱਚੋਂ 2,80,000 ਗ੍ਰੀਨ ਕਾਰਡ ਉਪਲਬੱਧ ਹਨ ਅਤੇ ਭਰਤੀ ਕਰਨ ਵਾਲਿਆਂ ਨੂੰ ਉਮੀਦ ਹੈ ਕਿ ਅਮਰੀਕਾ ਵਿੱਚ ਮਹਾਮਾਰੀ ਨਾਲ ਭਰੇ ਹੋਏ ਹਸਪਤਾਲਾਂ ਵਿੱਚ ਕੰਮ ਕਰਨ ਦੀ ਮੰਗ ਕਰਨ ਵਾਲੀਆਂ ਨਰਸਾਂ ਨੂੰ ਗ੍ਰੀਨ ਕਾਰਡ ਦਿੱਤੇ ਜਾ ਸਕਦੇ ਹਨ।

# ਫਰਾਂਸ ਦੇ ਰਾਸ਼ਟਰਪਤੀ ਮੈਕਰੋਂ ਨੂੰ ਪੁਤਿਨ ਕੋਲੋਂ ਕੋਈ ਭਰੋਸਾ ਨਹੀਂ ਮਿਲਿਆ

ਮਾਸਕੋ, 10 ਫਰਵਰੀ (ਪੋਸਟ ਬਿਊਰੋ)- ਯੂਕਰੇਨ ਮਸਲੇ ਉੱਤੇ ਪੈਦਾ ਤਣਾਅ ਖਤਮ ਕਰਨ ਲਈ ਰੂਸ ਦੀ ਰਾਜਧਾਨੀ ਮਾਸਕੋ ਤੇ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਵਿੱਚ ਸਰਗਰਮੀਆਂ ਜਾਰੀ ਹਨ।

ਮਾਸਕੋ ਪਹੁੰਚੇ ਫਰਾਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਨੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਅਤੇ ਵਾਸ਼ਿੰਗਟਨ ਪਹੁੰਚੇ ਜਰਮਨੀ ਦੇ ਚਾਂਸਲਰ ਓਲਫ ਸ਼ੁਲਜ਼ ਨੇ ਰਾਸ਼ਟਰਪਤੀ ਜੋਅ ਬਾਇਡੇਨ ਨਾਲ ਮੁਲਾਕਾਤ ਕੀਤੀ ਹੈ। ਮੈਂਕਰੋਂ ਨੇ ਪੁਤਿਨ ਨੂੰ ਜੰਗ ਦਾ ਸ਼ੱਕ ਖਤਮ ਕਰਨ ਅਤੇ ਆਪਸੀ ਵਿਸ਼ਵਾਸ ਪੈਦਾ ਕਰਨ ਲਈ ਕਿਹਾ। ਜਵਾਬ ਵਿੱਚ ਪੁਤਿਨ ਨੇ ਕਿਹਾ ਕਿ ਅਮਰੀਕਾ ਤੇ ਹੋਰ ਪੱਛਮੀ ਦੇਸ਼ ਉਸ ਦੀ ਸੁਰੱਖਿਆ ਚਿੰਤਾਵਾਂ ਦੀ ਅਣਦੇਖੀ ਕਰ ਰਹੇ ਹਨ। ਇਸ ਦੌਰਾਨ ਅਮਰੀਕਾ ਦੇ ਕੌਮੀ ਸੁਰੱਖਿਆ ਸਲਾਹਕਾਰ ਜੈਕ ਸੁਲੀਵਾਨ ਨੇ ਯੂਕਰੇਨ ਉੱਤੇ ਕਿਸੇ ਵੀ ਸਮੇਂ ਰੂਸ ਦੇ ਹਮਲਾ ਦਾ ਸ਼ੱਕ ਜ਼ਾਹਰ ਕੀਤਾ ਹੈ। ਯੂਕਰੇਨ ਮਸਲੇ ਉੱਤੇ ਰੂਸੀ ਰਾਸ਼ਟਰਪਤੀ ਪੁਤਿਨ ਨਾਲ ਦੋ ਵਾਰ ਫੋਨ ਉੱਤੇ ਗੱਲ ਕਰਨ ਦੇ ਬਾਅਦ ਮੈਕਰੋਂ ਕੱਲ੍ਹ ਮਾਸਕੋ



ਆਏ। ਉਨ੍ਹਾਂ ਨੇ ਪੁਤਿਨ ਤੋਂ ਯੋਗ ਜਵਾਬ ਦੀ ਉਮੀਦ ਪ੍ਰਗਟਾਈ। ਇਸ ਨਾਲ ਯੁੱਧ ਦਾ ਖਤਰਾ ਖਤਮ ਹੋਵੇਗਾ ਤੇ ਆਪਸੀ ਵਿਸ਼ਵਾਸ ਬਣੇਗਾ ਤੇ ਖੇਤਰ ਵਿੱਚ ਸਥਿਰਤਾ ਅਤੇ ਸਪੱਸ਼ਟਤਾ ਦੀ ਸਥਿਤੀ ਬਣੇਗੀ।

ਜਵਾਬ ਵਿੱਚ ਪੁਤਿਨ ਨੇ ਕਿਹਾ ਕਿ ਰੂਸ ਅਤੇ ਫਰਾਂਸ ਦੀ ਇੱਕੋ ਜਿਹੀ ਚਿੰਤਾ ਹੈ। ਦੋਵੇਂ ਦੇਸ਼ ਸੋਚ ਰਹੇ ਹਨ ਕਿਯੂਰਪ ਦੀ ਸੁਰੱਖਿਆ ਬਾਰੇ ਕੀ ਹੋਵੇਗਾ। ਯੂਰਪ ਦੀ ਸੁਰੱਖਿਆ ਨਾਲ ਰੂਸ ਅਤੇ ਫਰਾਂਸ ਦੀ ਸੁਰੱਖਿਆ ਜੁੜੀ ਹੋਈ ਹੈ। ਬਦਕਿਸਮਤੀ ਨਾਲ ਰੂਸ ਦੀ ਸੁਰੱਖਿਆ ਚਿੰਤਾ ਵੱਲ ਅਮਰੀਕਾ ਅਤੇ ਨਾਟੋ ਦਾ ਧਿਆਨ ਨਹੀਂ ਹੈ। ਇੱਕ ਫਰਾਂਸੀਸੀ ਅਖਬਾਰ ਨੂੰ ਮੈਕਰੋਂ ਨੇ ਕਿਹਾ ਕਿ ਰੂਸ ਦੀ ਚਿੰਤਾ ਯੂਕਰੇਨ ਨੂੰ ਲੈ ਕੇ ਨਹੀਂ ਹੈ। ਰੂਸ ਨਾਟੋ ਅਤੇ ਯੂਰਪੀ ਯੂਨੀਅਨ ਤੋਂ ਸਪੱਸ਼ਟ ਜਵਾਬ ਚਾਹੁੰਦਾ ਹੈ। ਗੱਲਬਾਤ ਦੇ ਬਾਅਦ ਰੂਸੀ ਰਾਸ਼ਟਰਪਤੀ ਦੇ ਕ੍ਰੈਮਲਿਨ ਦਫਤਰ ਦੇ ਬੁਲਾਰੇ ਦਮਿੱਤਰੀ ਪੇਸਕੋਵ ਨੇ ਕਿਹਾ ਕਿ ਸਥਿਤੀ ਚਿੰਤਾਜਨਕ ਹੈ। ਮਹਿਜ ਇੱਕ ਬੈਠਕ ਨਾਲ ਵਿਰੋਧ ਖਤਮ ਨਹੀਂ ਹੋਵੇਗਾ। ਵਰਨਯੋਗ ਹੈ ਕਿ ਯੂਕਰੇਨ ਨੂੰ ਨਾਟੋ ਦਾ ਮੈਂਬਰ ਨਾ ਬਣਾਉਣ ਨੂੰ ਲੈ ਕੇ ਰੂਸ ਸਪੱਸ਼ਟ ਭਰੋਸਾ ਚਾਹੁੰਦਾ ਹੈ।

# ਬ੍ਰਿਟੇਨ ਨੇ ਲਾਪਤਾ ਅਫ਼ਗਾਨ ਮਹਿਲਾਵਾਂ ਬਾਰੇ ਤਾਲਿਬਾਨ ਕੋਲੋਂ ਜਵਾਬ ਮੰਗਿਆ

ਕਾਬੁਲ, 10 ਫਰਵਰੀ (ਪੋਸਟ ਬਿਊਰੋ)- ਬ੍ਰਿਟੇਨ ਨੇ ਅਫ਼ਗਾਨਿਸਤਾਨ ਦੀ ਤਾਲਿਬਾਨ ਸਰਕਾਰ ਤੋਂ ਉਨ੍ਹਾਂ ਅਫ਼ਗਾਨ ਮਹਿਲਾ ਕਾਰਕੁਨਾਂ ਬਾਰੇ ਜਵਾਬ ਮੰਗਿਆ ਹੈ, ਜੋ ਲਾਪਤਾ ਹਨ।

ਇਸ ਸੰਬੰਧ ਵਿੱਚ ਬ੍ਰਿਟੇਨ ਨੇ ਯੂ ਐਨ ਸੈਕਟਰੀ ਜਨਰਲ ਦੇ ਵਿਸ਼ੇਸ਼ ਸੈਕਟਰੀ ਡੇਬੋਰਾਹ ਲਿਯਾਨਸ ਦਾ ਇਸ ਬਾਰੇ ਸਮਰਥਨ ਕੀਤਾ ਹੈ। ਉਨ੍ਹਾਂ ਨੇ ਇਨ੍ਹਾਂ ਲਾਪਤਾ ਮਹਿਲਾ ਕਾਰਕੁਨਾਂ ਦੇ ਬਾਰੇ ਚਿੰਤਾ ਪ੍ਰਗਟਾਈ ਸੀ। ਅਫ਼ਗਾਨਿਸਤਾਨ ਵਿੱਚ ਬ੍ਰਿਟੇਨ ਦੇ ਚਾਰਜ ਡੇਅ ਅਫ਼ੇਅਰਜ਼ ਹੂਗੋ ਸ਼ਾਰਟਰ ਦਾ ਕਹਿਣਾ ਹੈ ਕਿ ਪੂਰੀ ਦੁਨੀਆ ਨੂੰ ਇਸ ਦਾ ਜਵਾਬ ਦੇਣਾ ਚਾਹੀਦਾ ਹੈ। ਬਿਹਤਰ ਹੋਵੇਗਾ ਕਿ ਇਸ ਬਾਰੇ ਵਿੱਚ ਅਫ਼ਗਾਨ ਸਰਕਾਰ ਕੋਈ ਜਾਣਕਾਰੀ ਦੇਵੇ।

ਵਰਨਣ ਯੋਗ ਹੈ ਕਿ ਪਿਛਲੇ ਸਾਲ 15 ਅਗਸਤ ਨੂੰ ਤਾਲਿਬਾਨ ਨੇ



ਅਫ਼ਗਾਨਿਸਤਾਨ ਉੱਤੇ ਕਬਜ਼ਾ ਕੀਤਾ ਸੀ। ਇਸ ਦੇ ਕਰੀਬ ਇੱਕ ਮਹੀਨੇ ਬਾਅਦ ਤਾਲਿਬਾਨ ਨੇ ਆਪਣੀ ਸਰਕਾਰ ਬਣਾਈ ਅਤੇ ਅੰਤਰਰਾਸ਼ਟਰੀ ਭਾਈਚਾਰੇ ਤੋਂ ਉਨ੍ਹਾਂ ਦਾ ਸਮਰਥਨ ਕਰਨ ਦੀ ਮੰਗ ਕੀਤੀ ਸੀ। ਤਾਲਿਬਾਨ ਸਰਕਾਰ ਨੇ ਇੱਥੋਂ ਤਕ ਕਿਹਾ ਸੀ ਕਿ ਉਹ ਇਸਲਾਮਿਕ ਕਾਨੂੰਨਾਂ ਮੁਤਾਬਕ ਔਰਤਾਂ ਨੂੰ ਪੂਰਾ ਹੱਕ ਦੇਣਗੇ। ਉਨ੍ਹਾ ਨੇ ਸਰਕਾਰ ਵਿੱਚ ਔਰਤਾਂ ਦੀ ਹਿੱਸਦਾਰੀ ਦੀ ਗੱਲ ਕਹੀ ਸੀ ਪਰ ਸਰਕਾਰ ਬਣਨ ਤੋਂ ਬਾਅਦ ਬਹੁਤ ਸਾਰੀਆਂ ਗੱਲਾਂ ਉੱਤੇ ਅਮਲ ਨਹੀਂ ਕੀਤਾ।

# ਨੇਤਨਯਾਹੂ ਦੇ ਪੁੱਤਰ ਤੇ ਹੋਰਨਾਂ ਖਿਲਾਫ ਵੀ ਪੈਗਾਸਸ ਸਪਾਈਵੇਅਰ ਦੀ ਵਰਤੋਂ ਹੁੰਦੀ ਰਹੀ

ਯੇਰੂਸ਼ਲਮ, 10 ਫਰਵਰੀ (ਪੋਸਟ ਬਿਊਰੋ)-ਇਸਰਾਈਲ ਦੀ ਇੱਕ ਅਖਬਾਰ ਨੇ ਆਪਣੀ ਰਿਪੋਰਟ ਵਿੱਚ ਦਾਅਵਾ ਕੀਤਾ ਹੈ ਕਿ ਪੁਲਸ ਨੇ ਸਾਬਕਾ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਪੁੱਤਰ ਅਤੇ ਉਨ੍ਹਾਂ ਦੇ ਕਰੀਬੀ ਸਹਿਯੋਗੀਆਂ ਦੀ ਜਾਸੂਸੀ ਲਈ ਵੀ ਪੈਗਾਸਸ ਸਪਾਈਵੇਅਰ ਦੀ ਵਰਤੋਂ ਕੀਤੀ ਸੀ। ਇਸ ਉਤੇ ਇਸਰਾਈਲ ਸਰਕਾਰ ਨੇ ਇਸ ਦੀ ਜਾਂਚ ਲਈ ਇੱਕ ਕਮਿਸ਼ਨ ਬਣਾਉਣ ਦਾ ਐਲਾਨ ਕੀਤਾ ਹੈ।

ਕੈਲਕਾਲਿਸਟ ਨੇ ਪਿਛੇ ਜਿਹੇਲ-ਗਾਤਾਰ ਕਈ ਰਿਪੋਰਟਾਂ ਛਾਪ ਕੇ ਦੋਸ਼ ਲਾਇਆ ਕਿ ਪ੍ਰਦਰਸ਼ਨਕਾਰੀਆਂ ਤੇ ਹੋਰ ਇਸਰਾਈਲੀ ਲੋਕਾਂ ਨੂੰ ਨਿਸ਼ਾਨਾ ਬਣਾਉਣ ਲਈ ਪੁਲਸ ਨੇ ਅਤਿ-ਆਧੁਨਿਕ ਸਪਾਈਵੇਅਰ ਵਰਤਿਆ ਸੀ। ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਕਿ ਸਪਾਈਵੇਅਰ ਨਾਲ ਨੇਤਨਯਾਹੂ ਖਿਲਾਫ ਭ੍ਰਿਸ਼ਟਾਚਾਰ ਦੇ ਮੁਕੱਦਮੇ ਵਿੱਚ ਇੱਕ ਅਹਿਮ ਗਵਾਹ ਦੀ ਵੀ ਜਾਸੂਸੀ ਕੀਤੀ ਗਈ। ਜਾਸੂਸੀ ਸਾਫਟਵੇਅਰ ਦੀ ਵਰਤੋਂ ਨੇਤਨਯਾਹੂ ਦੇ ਪੁੱਤਰ ਏਵਨਰ, ਦੋ ਸੰਚਾਰ ਸਲਾਹਕਾਰਾਂ ਅਤੇ ਇਸ ਮਾਮਲੇ ਦੇ ਇੱਕ ਹੋਰ ਬਚਾਅ ਪੱਖ ਦੀ ਪਤਨੀ ਖਿਲਾਫ ਵੀ ਕੀਤੀ ਗਈ। ਨੇਤਨਯਾਹੂ ਉੱਤੇਫਰਾਡ, ਵਿਸ਼ਵਾਸਘਾਤ ਤੇ ਤਿੰਨ ਵੱਖ-ਵੱਖ ਥਾਂਈਂ ਰਿਸ਼ਵਤ ਲੈਣ ਦੇ ਦੋਸ਼ਾਂ ਵਿੱਚ ਕੇਸ ਚੱਲ ਰਿਹਾ ਹੈ। ਉਨ੍ਹਾਂ ਦਾ 12 ਸਾਲ ਦਾ ਸ਼ਾਸਨ ਪਿਛਲੇ ਸਾਲ ਜੂਨ ਵਿੱਚਉਦੋਂ ਖਤਮ ਹੋ ਗਿਆ ਸੀ, ਜਦੋਂ ਦੋ ਸਾਲ ਤੋਂ ਘੱਟ ਸਮੇਂ ਵਿੱਚ ਚਾਰ ਚੋਣਾਂ ਤੋਂ ਬਾਅਦ ਗੱਠਜੋੜ ਸਰਕਾਰ ਸੱਤਾ ਵਿੱਚ ਕਾਬਜ਼ ਹੋਈ। ਨੇਤਨਯਾਹੂ ਖਿਲਾਫ ਕੇਸ ਦੇ ਜਿਸ ਗਵਾਹ ਸ਼ਲੋਮੋ ਫੀਬਰ ਦਾ ਫੋਨ ਹੈਕ ਕੀਤਾ ਗਿਆ, ਉਹ ਅਗਲੇ ਦਿਨੀਂ ਅਦਾਲਤ ਵਿੱਚ ਗਵਾਹੀ ਦੇਣ ਵਾਲਾ ਹੈ। ਨੇਤਨਯਾਹੂ ਦੇ ਵਕੀਲ ਗਵਾਹੀ ਵਿੱਚ ਦੇਰੀ ਦੀ ਅਪੀਲ ਕਰ ਸਕਦੇ ਹਨ। ਪੁਲਸ ਨੇ ਹਾਲੀਆ ਰਿਪੋਰਟ ਉੱਤੇ ਕੋਈ ਟਿੱਪਣੀ ਨਹੀਂ ਕੀਤੀ।

ਅਖਬਾਰ ਕਲੈਕਾਲਿਸਟ ਦਾ ਕਹਿਣਾ ਹੈ ਕੁਝ ਕੇਸਾਂ ਵਿੱਚ ਇਸਰਾਈਲੀ ਕੰਪਨੀ ਐਨ ਐਸ ਓ ਦੀ ਸ਼ਮੂਲੀਅਤ ਹੈ, ਜਿਸ ਦਾ ਪ੍ਰਾਡਕਟ ਪੈਗਾਸਸ ਮੋਬਾਈਲ ਫੋਨ ਹੈਕ ਕਰਨ ਤੇ ਉਸ ਦੀਆਂ ਸੂਚਨਾਵਾਂ ਹਾਸਲ ਕਰਨ ਦੇ ਸਮਰੱਥ ਹੈ। ਭਾਰਤ ਸਮੇਤ ਕਈ ਦੇਸ਼ਾਂ ਵਿੱਚ ਸਿਆਸਤਦਾਨਾਂ ਤੇ ਪੱਤਰਕਾਰਾਂ ਦੀ ਜਾਸੂਸੀ ਲਈ ਇਸਤੇਮਾਲ ਕੀਤੇ ਜਾਣ ਦੇ ਦੋਸ਼ਾਂ ਤਹਿਤ ਪੈਗਾਸਸ ਵਿਵਾਦਾਂ ਵਿੱਚ ਘਿਰ ਗਿਆ ਹੈ। ਕੰਪਨੀ ਅਤੇ ਸਰਕਾਰ ਦੋਸ਼ਾਂ ਤੋਂ ਇਨਕਾਰ ਕਰਦੀ ਰਹੀ ਹੈ। ਇਕ ਮੰਤਰੀ ਉਮਰ ਬਾਰਲੇਵ ਨੇ ਟਵੀਟ ਕੀਤਾ ਕਿ ਅਸੀਂ ਦੋਸ਼ਾਂ ਦੀ ਜਾਂਚ ਲਈ ਕੈਬਨਿਟ ਪੱਧਰੀ ਕਮਿਸ਼ਨ ਬਣਾ ਰਹੇ ਹਾਂ। ਮਾਮਲੇ ਦੀ ਜਾਂਚ ਵਿੱਚ ਕੋਈ ਕੋਤਾਹੀ ਨਹੀਂ ਵਰਤੀ ਜਾਵੇਗੀ। ਬਾਰਲੇਵ ਦੇ ਸਹਿਯੋਗੀਆਂ ਨੇ ਸੁਤੰਤਰ ਅਤੇ ਗੈਰ ਸਰਕਾਰੀ ਕਮਿਸ਼ਨ ਬਣਾਉਣ ਦੀ ਮੰਗ ਕੀਤੀ ਸੀ। ਰਾਸ਼ਟਰਪਤੀ ਆਈਜ਼ਕ ਹਰਜੋਗ ਅਤੇ ਪ੍ਰਧਾਨ ਮੰਤਰੀ ਨਫਤਾਲੀ ਬੇਨੇਟ ਨੇ ਮਾਮਲੇ ਨੂੰ ਗੰਭੀਰ ਦੱਸਦੇ ਹੋਏ ਉਸ ਉੱਤੇ ਚਿੰਤਾ ਪ੍ਰਗਟਾਈ ਹੈ।

# ਮਹਾਰਾਣੀ ਐਲਿਜ਼ਾਬੈਥ ਦੀ ਇੱਛਾ ਕਿ ਕੈਮਿਲਾ ਮਹਾਰਾਣੀ ਬਣੇ

ਲੰਡਨ, 10 ਫਰਵਰੀ (ਪੋਸਟ ਬਿਊਰੋ)- ਬ੍ਰਿਟੇਨ ਦੀ ਕੁਈਨ ਐਲਿਜ਼ਾਬੈਥ ਨੇ ਕਿਹਾ ਹੈ ਕਿ ਉਨ੍ਹਾਂ ਦੀ ਇੱਛਾ ਹੈ ਕਿ ਰਾਜ ਕੁਮਾਰ ਚਾਰਲਸ ਦੇ ਮਹਾਰਾਜਾ ਬਣਨ ਉੱਤੇ ਉਨਸ ਦੀ ਪਤਨੀ ਕੈਮਿਲਾ ਨੂੰ 'ਕੁਈਨ ਕੰਸੋਰਟ' ਮੰਨਿਆ ਜਾਵੇ।

ਮਹਾਰਾਣੀ ਦੀ ਇਹ ਅਹਿਮ ਦਖਲਅੰਦਾਜ਼ੀ ਰਾਜਸ਼ਾਹੀ ਦੇ ਭਵਿੱਖ ਨੂੰ ਆਕਾਰ ਦੇਵੇਗੀ ਤੇ ਸ਼ਾਹੀ ਪਰਵਾਰ ਵਿੱਚ ਡੱਚੈਸ ਆਫ ਕਾਰਨਵਾਲ ਦਾ ਸਥਾਨ ਯਕੀਨੀ ਬਣਾਏਗੀ।95 ਸਾਲਾ ਮਹਾਰਾਣੀ ਨੇ ਆਪਣੀ ਤਾਜਪੋਸ਼ੀ ਦੀ 70ਵੀਂ ਵਰ੍ਹੇਗੰਢ ਬਾਰੇ ਦੇਸ਼ ਦੇ ਨਾਂਅ ਦਿੱਤੇ ਪਲੈਟੀਨਮ ਜੁਬਲੀ ਸੁਨੇਹੇ ਵਿੱਚ ਆਪਣੀ ਨੂੰਹ 74 ਸਾਲਾ ਕੈਮਿਲਾ ਦਾ ਸਮਰਥਨ ਕੀਤਾ ਅਤੇ ਦਿਲੋਂ ਇੱਛਾ ਜ਼ਾਹਿਰ ਕੀਤੀ ਕਿ ਪ੍ਰਿੰਸ ਚਾਰਲਸ ਦੇ ਮਹਾਰਾਜਾ ਬਣਨ ਉੱਤੇ ਕੈਮਿਲਾ ਨੂੰ 'ਕੁਈਨ ਕੰਸੋਰਟ' ਵਜੋਂ ਜਾਣਿਆ ਜਾਵੇ। ਕੁਈਨ ਕੰਸੋਰਟ ਮਹਾਰਾਜਾ ਦੀ ਪਤਨੀ ਲਈ ਵਰਤਿਆ ਜਾਂਦਾ ਹੈ।ਮਹਾਰਾਣੀ ਨੇ ਆਪਣੇ ਲਿਖਤੀ ਸੁਨੇਹੇ ਵਿੱਚ ਕਿਹਾ, ''ਮੈਂ ਤੁਹਾਡੇ ਸਮਰਥਨ ਲਈ ਤੁਹਾਡਾ ਸਾਰਿਆਂ ਦਾ ਧੰਨਵਾਦ ਕਰਨਾ ਚਾਹੁੰਦੀ ਹਾਂ। ਤੁਸੀਂ ਮੇਰੇ ਪ੍ਰਤੀ ਜੋ ਵਫਾਦਾਰੀ ਤੇ ਪਿਆਰ ਦਿਖਾਇਆ, ਉਸ ਵਾਸਤੇ ਮੈਂ ਹਮੇਸ਼ਾ ਤੁਹਾਡੀ ਧੰਨਵਾਦੀ



